
Postal No. - Jallandhar Vide No. L-4/PB/JL-0196/2024-2026

Regd No. 32212/78

ਖ਼ੁਸ਼ਹਾਲ ਸੇਵਕ

ਮਈ 2026 ਕੁੱਲ ਪੰਨੇ : 44 ਮਾਸਿਕ ਮੁੱਲ : 25/-

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਦੁਨੀਆਂ ਭਰ ਵਿਚ ਵਸਦੇ ਸਮੂਹ ਮਿਹਨਤਕਸ਼ਾਂ ਨੂੰ ਸਲਾਮ !



ਬੱਚਿਆਂ ਦਾ ਉਜਵੱਲ ਭਵਿੱਖ ਬਣਾਉ, ਬਾਲ ਮਜ਼ਦੂਰੀ ਹਟਾਓ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

ਮਜ਼ਦੂਰ ਦਿਵਸ



ਮਜ਼ਦੂਰ ਦਿਵਸ ਦੀ ਸ਼ੁਰੂਆਤ ਸ਼ਿਕਾਗੋ ਅਮਰੀਕਾ ਵਿਚ ਹੋਈ ਸੀ। ਮਜ਼ਦੂਰਾਂ ਕੋਲੋਂ 15 ਘੰਟੇ ਰੋਜ਼ ਕੰਮ ਲਿਆ ਜਾਂਦਾ ਸੀ। ਪਹਿਲੀ ਮਈ ਸੰਨ 1986 ਨੂੰ ਅਮਰੀਕਾ ਵਿਚ ਮਜ਼ਦੂਰਾਂ ਨੇ ਅੱਠ ਘੰਟੇ ਕੰਮ ਕਰਨ ਵਾਸਤੇ ਬਹੁਤ ਵੱਡਾ ਸੰਘਰਸ਼ ਕੀਤਾ ਸੀ ਅਤੇ ਇੱਕ ਪ੍ਰੋਟੈਸਟ ਵਿਚ ਬਹੁਤ ਨੁਕਸਾਨ ਹੋਇਆ ਸੀ ਅਤੇ ਕਈ ਮਜ਼ਦੂਰ ਸ਼ਹੀਦ ਹੋਏ ਸਨ। ਭਾਰਤ ਵਿਚ "ਮਜ਼ਦੂਰ ਦਿਵਸ" ਸੰਨ 1923 ਵਿਚ ਮਨਾਇਆ ਗਿਆ ਸੀ। ਇਹ ਦਿਨ ਦੋ ਜਗ੍ਹਾ ਤੇ ਮਨਾਇਆ ਗਿਆ ਸੀ। ਇਸ ਦੀ ਇੱਕ ਮੀਟਿੰਗ ਮਦਰਾਸ ਹਾਈ ਕੋਰਟ ਦੇ ਸਾਹਮਣੇ ਬੀਚ ਉੱਤੇ ਅਤੇ ਦੂਸਰੀ ਟ੍ਰੀਪਲੀਕੇਨ ਬੀਚ ਉੱਪਰ ਹੋਈ ਸੀ। ਭਾਰਤ ਵਿਚ ਅੱਜਕਲ੍ਹ ਪਹਿਲੀ ਮਈ ਨੂੰ ਮਜ਼ਦੂਰ ਦਿਵਸ "ਅੰਤਰ ਰਾਸ਼ਟਰੀ ਸ਼ਰਮਿਕ" ਦਿਵਸ ਦੇ ਤੌਰ ਤੇ ਮਨਾਇਆ ਜਾ ਰਿਹਾ ਹੈ। ਮਜ਼ਦੂਰ ਦਿਵਸ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਨਾਮਾਂ ਨਾਲ ਮਨਾਇਆ ਜਾਂਦਾ ਹੈ। ਮਜ਼ਦੂਰ ਦਿਵਸ ਹਿੰਦੁਸਤਾਨ ਵਿਚ ਨੈਸ਼ਨਲ ਹੋਲੀਡੇ ਦੇ ਤੌਰ ਤੇ ਨਹੀਂ ਮਨਾਇਆ ਜਾਂਦਾ ਪਰ ਭਾਰਤ ਦੇ ਕਈ ਰਾਜਾਂ ਵਿਚ ਪਬਲਿਕ ਹੋਲੀਡੇ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

ਮਜ਼ਦੂਰ ਸੰਗਠਨਾਂ ਵੱਲੋਂ ਥਾਂ-ਥਾਂ ਤੇ ਸਮਾਗਮ ਕੀਤੇ ਜਾਂਦੇ ਹਨ। ਕਈ ਮਜ਼ਦੂਰ ਜੱਥੇਬੰਦੀਆਂ ਵੱਲੋਂ ਸਮਾਗਮਾਂ 'ਚ ਮੁੱਖ ਮਹਿਮਾਨ ਵੱਜੋਂ ਰਾਜਨੀਤਿਕ ਪਾਰਟੀਆਂ ਦੇ ਲੀਡਰਾਂ ਨੂੰ ਸੱਦੇ ਦਿੱਤੇ ਜਾਂਦੇ ਹਨ। ਇਹ ਲੀਡਰ ਮਜ਼ਦੂਰਾਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੇ ਭਾਸ਼ਣ ਦਿੱਤੇ ਜਾਂਦੇ ਹਨ। ਮਜ਼ਦੂਰਾਂ ਨੂੰ ਹੋਰ ਸਹੂਲਤਾਂ ਦੇਣ ਦੇ ਵੱਡੇ-ਵੱਡੇ ਵਾਇਦੇ ਕੀਤੇ ਜਾਂਦੇ ਹਨ। ਪਰ ਕੀ ਮਜ਼ਦੂਰ ਅਜੇ ਵੀ ਆਪਣੇ ਅਧਿਕਾਰਾਂ, ਆਪਣੇ ਹੱਕਾਂ ਜਾਂ ਆਪਣੇ ਪ੍ਰਤੀ ਬਣੇ ਕਾਨੂੰਨਾਂ ਨੂੰ ਜਾਣ ਸਕਿਆ? ਸ਼ਾਇਦ ਨਹੀਂ ਕਿਉਂਕਿ ਜੇ ਉਸਨੂੰ ਆਪਣੇ ਅਧਿਕਾਰ ਪਤਾ ਹੁੰਦੇ ਤਾਂ ਅੱਜ ਆਜ਼ਾਦੀ ਦੇ ਕਈ ਸਾਲ ਬਾਅਦ ਵੀ ਉਹ ਗ਼ੁਲਾਮ ਮਜ਼ਦੂਰ ਨਾ ਬਣ ਕੇ ਰਹਿੰਦਾ। ਮੇਰੇ ਦੇਸ਼ ਦੇ ਮਜ਼ਦੂਰਾਂ ਨੂੰ ਤਾਂ ਇੰਨਾ ਵੀ ਪਤਾ ਨਹੀਂ ਕਿ 1 ਮਈ "ਮਜ਼ਦੂਰ ਦਿਵਸ" ਉਹਨਾਂ ਦਾ ਦਿਨ ਹੈ। ਇਸ ਦਿਨ ਕੀ ਹੋਇਆ ਸੀ। ਇਸ ਦਿਨ ਨੂੰ ਕਿਉਂ ਮਨਾਇਆ ਜਾਂਦਾ ਹੈ। ਜੇਕਰ ਉਹ ਇਹ ਸਭ ਜਾਣ ਜਾਂਦੇ ਤਾਂ ਹੋ ਸਕਦਾ ਸੀ ਕਿ ਸਾਡੇ ਮਜ਼ਦੂਰ ਅੱਜ ਇੰਨੇ ਮਜ਼ਬੂਰ ਨਾਂ ਹੁੰਦੇ, ਉਹਨਾਂ ਨੂੰ ਅੱਜ ਵੀ ਆਪਣੇ ਹੱਕਾਂ ਲਈ ਸੰਘਰਸ਼ ਜਾਂ ਭੁੱਖ-ਹੜਤਾਲਾਂ, ਧਰਨੇ ਆਦਿ ਨਾਂ ਕਰਨੇ ਪੈਂਦੇ। ਭਾਵੇਂ ਮਜ਼ਦੂਰਾਂ ਵੱਲੋਂ ਸੰਗਠਨ ਬਣਾ ਲਏ ਗਏ ਹਨ ਪਰ ਫਿਰ ਵੀ ਉਹ ਸਮੇਂ ਦੀਆਂ ਸਰਕਾਰਾਂ ਨੂੰ ਆਪਣੇ ਹੱਕ, ਅਧਿਕਾਰ ਲੈਣ ਤੋਂ ਵਾਂਝੇ ਰਹਿ ਗਏ ਹਨ। ਅੱਜ ਵੀ ਮਜ਼ਦੂਰਾਂ ਤੇ ਅਤਿਆਚਾਰ, ਉਹਨਾਂ ਦੀ ਲੁੱਟ-ਕਸੁੱਟ, ਉਹਨਾਂ ਤੇ ਜ਼ੁਲਮ ਆਦਿ ਸਰ੍ਹੇਆਮ ਕੀਤੇ ਜਾ ਰਹੇ ਹਨ। ਉਹਨਾਂ ਲਈ ਬਣਾਏ ਕਾਨੂੰਨ ਉਹਨਾਂ ਤੇ ਲਾਗੂ ਨਾਂ ਹੋਣ ਦਿੱਤੇ ਜਾਂਦੇ। ਉਹਨਾਂ ਨੂੰ ਮਿਲਣ ਵਾਲੇ ਅਧਿਕਾਰਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਕਿਸੇ ਮਜ਼ਦੂਰ ਦੀ ਕੋਈ ਸਕਿਉਰਿਟੀ ਨਹੀਂ ਰਹਿ ਗਈ। ਕਾਰਖਾਨਿਆਂ, ਸਰਕਾਰੀ ਦਫ਼ਤਰਾਂ ਵਿਚ ਠੇਕੇ ਤੇ ਰੱਖੇ ਮੁਲਾਜ਼ਮ ਵੀ ਬਗਾਰ ਦੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹਨ। ਕਿਸੇ ਨੂੰ ਕੁੱਝ ਨਹੀਂ ਪਤਾ ਕਿ ਕਦੋਂ ਉਹਨਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਣਾ ਹੈ। ਦੇਸ਼ ਦਾ ਭਵਿੱਖ ਵੀ ਪੜ੍ਹ ਲਿਖ ਕੇ ਰੁਜ਼ਗਾਰ ਨਾ ਹੋਣ ਕਾਰਨ ਲੁੱਟਾਂ-ਖੋਹਾਂ ਦੇ ਰਾਹ ਤੁਰ ਪਿਆ ਹੈ। ਸਰਕਾਰ ਦੀ ਕੋਈ ਨੀਤੀ ਨਹੀਂ ਹੈ ਕਿ ਕਿਵੇਂ ਬੇਰੁਜ਼ਗਾਰੀ ਖ਼ਤਮ ਕੀਤੀ ਜਾਵੇ ਜਾਂ ਮਜ਼ਦੂਰਾਂ ਦੇ ਵਿਕਾਸ ਲਈ ਕੋਈ ਉਪਰਾਲੇ ਕੀਤੇ ਜਾਣ। ਆਖ਼ਿਰ ਕਦੋਂ ਤੱਕ ਇਹ ਸਰਮਾਏਦਾਰ ਲੋਕ ਮਜ਼ਦੂਰਾਂ ਦਾ ਸ਼ੋਸ਼ਣ ਕਰਦੇ ਰਹਿਣਗੇ। ਕਦੋਂ ਤੱਕ ਇੱਕ ਗ਼ਰੀਬ ਆਦਮੀ ਮਜ਼ਬੂਰੀ ਵੱਲ ਇਹਨਾਂ ਨਕਲੀ ਚਿਹਰੇ ਲਗਾਏ ਸਰਮਾਏਦਾਰ ਸਮਾਜ ਸੇਵਕਾਂ ਦੀਆਂ ਜਿਆਦਤੀਆਂ ਦਾ ਸ਼ਿਕਾਰ ਹੁੰਦੇ ਰਹਿਣਗੇ। ਸ਼ਾਇਦ ਇਸਦਾ ਜਵਾਬ ਸਾਡੇ ਉੱਚ ਅਹੁਦਿਆਂ 'ਤੇ ਬੈਠੇ ਮੰਤਰੀ ਜਾਂ ਸਰਕਾਰਾਂ ਨਹੀਂ ਦੇ ਸਕਦੀਆਂ। ਪ੍ਰਸ਼ਾਸ਼ਨ ਵੀ ਕੁਝ ਨਹੀਂ ਕਰਦਾ। ਹਾਦਸੇ ਤੋਂ ਬਾਅਦ ਹੀ ਸਭ ਜਾਂਚਾਂ ਸ਼ੁਰੂ ਹੋ ਜਾਂਦੀਆਂ ਹਨ। ਸਾਰੇ ਕਾਨੂੰਨ ਸਾਹਮਣੇ ਆ ਜਾਂਦੇ ਹਨ। ਮੰਤਰੀ ਤੱਕ ਹਾਦਸਿਆਂ ਦੇ ਸ਼ਿਕਾਰ ਹੋਏ ਲੋਕਾਂ ਨੂੰ ਇਨਸਾਫ ਦਵਾਉਣ ਦਾ ਭਰੋਸਾ ਦਵਾਇਆ ਜਾਂਦਾ ਹੈ। ਮੁਆਵਜ਼ਿਆਂ ਦੇ ਐਲਾਨ ਹੋਣ ਲੱਗ ਜਾਂਦੇ ਹਨ। ਇਹ ਚੀਜ਼ਾਂ ਹਾਦਸਿਆਂ ਤੋਂ ਬਾਅਦ ਹੀ ਕਿਉਂ ਹੁੰਦੀਆਂ ਹਨ। ਇਹਨਾਂ ਨੂੰ ਪਹਿਲਾਂ ਹੀ ਠੀਕ ਕਿਉਂ ਨਹੀਂ ਕੀਤਾ ਜਾਂਦਾ। ਅਸੀਂ ਮਜ਼ਦੂਰ ਦਿਵਸ ਦਾ ਭਾਸ਼ਣ ਸੁਣ ਕੇ ਜਾਂ ਦੇਖ ਕੇ ਬਹੁਤ ਖੁਸ਼ ਹੁੰਦੇ ਹਾਂ ਪਰ ਕਦੀ ਕਿਸੇ ਮਜ਼ਦੂਰ ਦੇ ਹੱਕ ਵਿਚ ਆਵਾਜ਼ ਉਠਾਉਣ ਦੀ ਕੋਸ਼ਿਸ਼ ਨਹੀਂ ਕਰਦੇ। ਜੇਕਰ ਅਜਿਹੇ ਹਾਦਸੇ ਹੁੰਦੇ ਰਹੇ, ਪ੍ਰਸ਼ਾਸ਼ਨ ਅਜਿਹੀਆਂ ਚੀਜ਼ਾਂ ਅਣਗੌਲਿਆਂ ਕਰਦਾ ਰਿਹਾ ਤਾਂ ਇੱਕ ਦਿਨ ਮਜ਼ਦੂਰ ਨੂੰ ਹੀ ਆਪਣੇ ਹੱਕਾਂ ਲਈ ਵੱਡਾ ਸੰਘਰਸ਼ ਕਰਨ ਲਈ ਮਜ਼ਬੂਰ ਹੋਣਾ ਪਵੇਗਾ। ਫਿਰ ਇਹ ਮਜ਼ਦੂਰ ਕਦੀ ਮਜ਼ਬੂਰ ਨਹੀਂ ਰਹਿਣਗੇ।

ਭਗਵਾਨ ਸਿੰਘ ਲੁਬਾਣਾ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963

Chief Editor
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

Editor
S. Surinder Singh Ruby
ETO (Retd.)
E-mail:ruby.surinder57@gmail.com
M.: 98141-28181

Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240



ਦੇਸ	:	250 ਰੁਪਏ
ਪਰਦੇਸ	:	20 ਡਾਲਰ
ਜੀਵਨ ਮੈਂਬਰ ਦੇਸ	:	2500 ਰੁ.
ਜੀਵਨ ਮੈਂਬਰ ਪਰਦੇਸ	:	7500 ਰੁ.

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਇਸ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

ਪੂਰਨਮਾਸ਼ੀ - 31-05-2026 (ਐਤਵਾਰ)
ਸੰਗਰਾਂਦ - 15-05-2026 (ਸ਼ੁੱਕਰਵਾਰ)
ਮੱਸਿਆ - 16-05-2026 (ਸ਼ਨੀਵਾਰ)

ਤਤਕਰਾ

ਜਿਲਦ ਨੰ. 41 | ਅੰਕ - 155 | ਮਈ - 2026

1.	ਅੰਤਰਰਾਸ਼ਟਰੀ ਮਜ਼ਦੂਰ ਦਿਵਸ 'ਤੇ ਵਿਸ਼ੇਸ਼	4
2.	ਦੇਸ਼ ਦੀ ਖੁਸ਼ਹਾਲੀ ਦਾ ਮਜ਼ਬੂਤ ਥੰਮ੍ਹ ਹਨ ਕਿਸਾਨ ਅਤੇ ਮਜ਼ਦੂਰ	7
3.	ਸਰਦਾਰ ਬਹਾਦਰ ਕੈਪਟਨ ਮਹਿਤਾਬ ਸਿੰਘ	8
4.	ਛੋਟੇ ਘੱਲੂਘਾਰਾ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ...	11
5.	ਅਪ੍ਰੈਲ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ	12
6.	ਆਓ ਜਾਣੀਏ !	15
7.	ਪੰਜਾਬ ਦੀਆਂ ਅਲੋਪ ਹੋ ਰਹੀਆਂ ਖੇਡਾਂ	16
8.	ਸਚੁ ਸੁਣਾਇਸੀ ਸੱਚ ਕੀ ਬੇਲਾ	18
9.	ਵਧ ਰਿਹਾ ਤਲਾਕ ਦਾ ਰੁਝਾਨ ਤੇ ਹੱਲ	20
10.	ਜੀਵਨ ਵਿਕਾਸ – ਇਕ ਸੰਘਰਸ਼	22
11.	ਗੁਰ ਸਾਗਰ ਦੇ ਸੁੱਚੇ ਮੋਤੀ	24
12.	ਜ਼ਰੂਰੀ ਹੈ ਮਾਪਿਆਂ ਦਾ ਬੱਚਿਆਂ ਨਾਲ ਵਕਤ ਬਿਤਾਉਣਾ	25
13.	ਕਿੱਧਰ ਗਈਆਂ ਚਾਟੀਆਂ ਤੇ ਮਧਾਣੀਆਂ?	26
14.	ਜੀਵਨ ਤੇ ਅਨੁਸ਼ਾਸ਼ਨ	27
15.	ਜਾਨਲੇਵਾ ਬਣਦਾ ਜਾ ਰਿਹਾ ਫਾਸਟ ਫੂਡ	29
16.	ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ	31
17.	ਸਿਹਤ ਸੰਭਾਲ	33
18.	ਕਾਵਿ-ਕਿਆਰੀ	34
19.	ਅਨਮੋਲ ਕਚਨ	36
20.	Labour Day	37
21.	Matrimonial	38
22.	ਦਾਨੀ ਸੱਜਣਾਂ ਦੀ ਸੂਚੀ	40

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

Printed & Published by
Bhagwan Singh Lubana for Baba Makhan Shah Lobana Foundation (Regd.)
Sector 30-A, Chandigarh.

Computer Designing - Walia Enterprises, M.: 98153-78692



1 ਮਈ ਮਜ਼ਦੂਰ ਦਿਵਸ

ਅੰਤਰਰਾਸ਼ਟਰੀ ਮਜ਼ਦੂਰ ਦਿਵਸ 'ਤੇ ਵਿਸ਼ੇਸ਼

ਸੰਸਾਰ ਭਰ ਵਿਚ ਹਰ ਸਾਲ 1 ਮਈ ਨੂੰ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਕਿਸੇ ਵੀ ਸਮਾਜ, ਦੇਸ਼, ਉਦਯੋਗ ਤੇ ਸੰਸਥਾ ਵਿਚ ਮਜ਼ਦੂਰਾਂ, ਕਾਮਿਆਂ ਤੇ ਮਿਹਨਤਕਸ਼ਾਂ ਦਾ ਵਿਸ਼ੇਸ਼ ਰੋਲ ਹੁੰਦਾ ਹੈ। ਮਜ਼ਦੂਰ ਦਿਵਸ ਮਨਾਉਣ ਦਾ ਮੁੱਖ ਉਦੇਸ਼ ਜਿੱਥੇ ਮਜ਼ਦੂਰਾਂ ਦੇ ਸੰਘਰਸ਼ ਭਰੇ ਜੀਵਨ ਅਤੇ ਉਹਨਾਂ ਦੀਆਂ ਆਰਥਿਕ ਤੇ ਸਮਾਜਿਕ ਪ੍ਰਾਪਤੀਆਂ ਬਾਰੇ ਹਾਲ ਬਿਆਨ ਕਰਨਾ ਹੁੰਦਾ ਹੈ ਉਥੇ ਉਹਨਾਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਦੀਆਂ ਚੁਣੌਤੀਆਂ ਤੋਂ ਜਾਣੂ ਕਰਵਾਉਣਾ ਵੀ ਹੁੰਦਾ ਹੈ।

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181



ਅੰਤਰਰਾਸ਼ਟਰੀ ਮਜ਼ਦੂਰ ਦਿਵਸ ਨੂੰ ਮਨਾਉਣ ਦੀ ਸ਼ੁਰੂਆਤ 1 ਮਈ 1886 ਤੋਂ ਮੰਨੀ ਜਾਂਦੀ ਹੈ। ਜਦੋਂ ਅਮਰੀਕਾ ਵਿਚ ਮਜ਼ਦੂਰ ਯੂਨੀਅਨਾਂ ਨੇ ਕੰਮ ਦਾ ਸਮਾਂ 8 ਘੰਟੇ ਤੋਂ ਵੱਧ ਨਾਂ ਰੱਖੇ ਜਾਣ ਲਈ ਹੜਤਾਲ ਕੀਤੀ ਸੀ। ਇਸ ਹੜਤਾਲ ਦੌਰਾਨ ਸ਼ਿਕਾਗੋ ਸ਼ਹਿਰ ਦੇ ਹੇਅ ਮਾਰਕੀਟ ਵਿਚ ਬੰਬ ਧਮਾਕਾ ਹੋਇਆ ਸੀ। ਇਸ ਦੇ ਸਿੱਟੇ ਵਜੋਂ ਪੁਲਿਸ ਨੇ ਮਜ਼ਦੂਰਾਂ ਉੱਤੇ ਗੋਲੀ ਚਲਾ ਦਿੱਤੀ ਸੀ। ਇਸ ਗੋਲੀਬਾਰੀ ਵਿਚ ਸੱਤ ਮਜ਼ਦੂਰ ਮਾਰੇ ਗਏ ਸਨ। ਮੌਕੇ 'ਤੇ ਮੌਜੂਦ ਗਵਾਹਾਂ ਨੇ ਤਸਦੀਕ ਕੀਤਾ ਸੀ ਕਿ ਗੋਲੀਆਂ ਦੀਆਂ ਫਲੈਸਾਂ ਗਲੀ ਦੇ ਕੇਂਦਰ ਵਿਚੋਂ ਆਈਆਂ ਸਨ ਜਿੱਥੇ ਪੁਲਿਸ ਖੜ੍ਹੀ ਸੀ। ਮੁੱਢਲੀਆਂ ਰਿਪੋਰਟਾਂ ਵਿਚ ਵੀ ਭੀੜ ਵੱਲੋਂ ਗੋਲੀ ਚਲਾਉਣ ਦਾ ਕੋਈ ਜ਼ਿਕਰ ਨਹੀਂ ਸੀ। ਮੌਕੇ 'ਤੇ ਇੱਕ ਟੈਲੀਗ੍ਰਾਫ਼ ਵਿਭਾਗ ਦਾ ਖੰਭਾਂ ਵੀ ਗੋਲੀਆਂ ਲੱਗਣ ਕਾਰਨ ਉਸ ਪਾਸੇ ਤੋਂ ਮੋਰੀਆਂ ਨਾਲ ਭਰਿਆ ਸੀ ਜਿਸ 'ਤੇ ਪੁਲਿਸ ਵਾਲੇ ਪਾਸੇ ਤੋਂ ਗੋਲੀਆਂ ਆਈਆਂ ਸਨ। ਇਸ ਅੰਨ੍ਹੇਵਾਹ ਕੀਤੀ ਫਾਇਰਿੰਗ ਵਿਚ ਕਈ ਮਜ਼ਦੂਰ ਮਾਰੇ ਗਏ। ਸ਼ਿਕਾਗੋ ਸ਼ਹਿਰ ਵਿਚ ਪੁਲਿਸ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ ਸੱਤ ਮਜ਼ਦੂਰਾਂ ਦੀ ਮੌਤ ਹੋਈ। ਜਿਨ੍ਹਾਂ ਵਿਚ

(1) ਅਲਬਰਟ ਪਾਰਸਨਸ-ਪ੍ਰਿੰਟਿੰਗ ਪ੍ਰੈੱਸ ਦਾ ਮਜ਼ਦੂਰ

(2) ਆਰਾਸਟ ਸਪਾਇਸ-ਫਰਨੀਚਰ ਦਾ ਕਾਰੀਗਰ



(3) ਏਲਾਡਫ ਫਿਸਰ-ਪ੍ਰਿੰਟਿੰਗ ਪ੍ਰੈੱਸ ਦਾ ਮਜ਼ਦੂਰ
(4) ਜਾਰਜ ਏਜਿੰਲ-ਖਿਡੌਣੇ ਵੇਚਣ ਵਾਲਾ
(5) ਸੈਮੁਅਲ ਫੀਲਡੇਨ-ਢਲਾਈ ਮਜ਼ਦੂਰ
(6) ਮਾਈਕਲ ਸ਼ਵਾਬ-ਬੁੱਕ ਬਾਈਂਡਰ ਅਤੇ
(7) ਆਸਕਰ ਨੀਬੇ-ਦੁਕਾਨ ਵਿਚ ਹਿੱਸੇਦਾਰ ਸ਼ਾਮਲ ਸਨ।

ਸ਼ਿਕਾਗੋ ਸ਼ਹਿਰ ਵਿਚ ਪਹਿਲੀ ਵਾਰ ਸ਼ਹੀਦ ਮਜ਼ਦੂਰਾਂ ਦੀ ਯਾਦ ਵਿਚ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਤੋਂ ਬਾਅਦ ਪੈਰਿਸ ਵਿਚ 1889 ਨੂੰ ਅੰਤਰਰਾਸ਼ਟਰੀ ਸੰਮੇਲਨ ਕੀਤਾ ਗਿਆ ਅਤੇ ਐਲਾਨ ਕੀਤਾ ਗਿਆ ਕਿ ਹਰ ਸਾਲ 1 ਮਈ ਸ਼ਿਕਾਗੋ ਵਿਚ ਮਾਰੇ ਗਏ ਮਜ਼ਦੂਰਾਂ ਦੀ ਯਾਦ ਵਿਚ ਮਜ਼ਦੂਰ ਦਿਵਸ ਮਨਾਇਆ ਜਾਇਆ ਕਰੇਗਾ।


ਮਜ਼ਦੂਰਾਂ ਦੀ ਲਗਨ ਅਤੇ ਮਿਹਨਤ ਦੀ ਬਦੌਲਤ ਹੀ ਅੱਜ ਦੁਨੀਆਂ ਭਰ ਦੇ ਹਰ ਦੇਸ਼ ਹਰ ਖੇਤਰ ਵਿਚ ਵਿਕਾਸ ਕਰ ਰਹੇ ਹਨ। ਸਿਰਫ਼ ਭਾਰਤ ਹੀ ਨਹੀਂ ਦੁਨੀਆਂ ਦੇ ਕਰੀਬ 80 ਦੇਸ਼ਾਂ ਵਿਚ ਇਸ ਦਿਨ ਛੁੱਟੀ ਰਹਿੰਦੀ ਹੈ। ਮਜ਼ਦੂਰ ਦਿਵਸ ਨੂੰ ਮਈ ਦਿਵਸ, ਲੇਬਰ ਡੇਅ, ਕਰਮਚਾਰੀ ਦਿਵਸ ਆਦਿ ਨਾਵਾਂ ਨਾਲ ਵੀ ਮਨਾਇਆ ਜਾਂਦਾ ਹੈ। ਭਾਰਤ ਵਿਚ ਮਜ਼ਦੂਰ ਦਿਵਸ ਮਨਾਉਣ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਤਾਮਿਲਨਾਡੂ ਦੀ ਰਾਜਧਾਨੀ ਚੇਨਈ ਵਿਚ 1 ਮਈ 1923 ਨੂੰ ਹੋਈ ਸੀ। ਭਾਰਤ ਵਿਚ ਮਦਰਾਸ ਹਾਈਕੋਰਟ ਸਾਹਮਣੇ ਇੱਕ ਵੱਡਾ ਪ੍ਰਦਰਸ਼ਨ ਕੀਤਾ ਗਿਆ ਤੇ ਇਹ ਮੰਗ ਰੱਖੀ ਗਈ ਕਿ ਭਾਰਤ ਵਿਚ ਵੀ 1 ਮਈ ਨੂੰ ਇਸ ਦਿਵਸ ਨੂੰ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਦੀ ਛੁੱਟੀ ਕੀਤੀ ਜਾਵੇ।

ਕਿਸੇ ਵੀ ਦੇਸ਼, ਸਮਾਜ, ਸੰਸਥਾ ਅਤੇ ਉਦਯੋਗ ਵਿਚ ਮਜ਼ਦੂਰ ਜਮਾਤ ਦਾ ਬੜਾ ਅਹਿਮ ਰੋਲ ਹੁੰਦਾ ਹੈ। ਕਿਸੇ ਵੀ ਉਦਯੋਗ ਦੀ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਕਾਮਿਆਂ ਤੋਂ ਬਿਨਾਂ ਕੋਈ ਵੀ ਸਨਅਤੀ ਢਾਂਚਾ ਖੜ੍ਹਾ ਨਹੀਂ ਰਹਿ ਸਕਦਾ। ਭਾਰਤੀ ਹਾਲਾਤਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਹੰਕਾਰੀ ਅਤੇ ਲੁਟੇਰੇ ਹਾਕਮ ਮਲਿਕ ਭਾਗੋ ਦੀ ਰੋਟੀ ਨਾਂ ਖਾ ਕੇ ਉਸ ਦਾ ਹੰਕਾਰ ਤੋੜਿਆ ਤੇ ਭਾਈ ਲਾਲੋ ਦੀ ਕਿਰਤ ਨੂੰ ਸਤਿਕਾਰ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਨੇ ਗਰੀਬ ਮਜ਼ਦੂਰ ਅਤੇ ਕਾਮੇ ਦਾ ਹਲੀਮੀ ਰਾਜ ਸਥਾਪਿਤ ਕਰਨ ਲਈ ਮਨੁੱਖ ਨੂੰ ਮਨਮੁੱਖ ਤੋਂ ਗੁਰਮੁਖ ਬਨਣ ਦਾ ਸੰਦੇਸ਼ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਅਤੇ ਦਸਵੰਧ ਕੱਢਣ ਦਾ ਸੰਦੇਸ਼ ਦਿੱਤਾ।

ਅੱਜ ਵੀ ਵਿਕਸਤ ਦੇਸ਼ਾਂ ਸਮੇਤ ਸਾਰੇ ਵਿਸ਼ਵ ਵਿਚ ਹੀ ਕਿਸਾਨ ਤੇ ਕਿਰਤੀ ਔਖਾ ਜੀਵਨ ਬਸਰ ਕਰ ਰਹੇ ਹਨ। ਭਾਰਤ ਵਿਚ ਵਿਸ਼ੇਸ਼ ਕਰਕੇ ਖੇਤੀ ਮਜ਼ਦੂਰ, ਕਿਸਾਨ ਅਤੇ ਛੋਟੇ-ਵੱਡੇ ਕਸਬਿਆਂ ਵਿਚ ਕੰਮ ਕਰਦੇ ਕਿਰਤੀ ਮਜ਼ਦੂਰਾਂ ਲਈ ਜੀਵਨ ਜਿਊਣ ਲਈ ਬਹੁਤੇ ਚੰਗੇ ਸਾਧਨ ਉਪਲਬਧ ਨਹੀਂ ਹਨ। ਕਾਮਿਆਂ ਨੂੰ ਬੈਠਣ, ਅਰਾਮ ਕਰਨ ਤੇ ਪੀਣ ਵਾਲੇ



ਨਿਰਭਰ ਕਰਦੀ ਹੈ। ਉਦਯੋਗਪਤੀ ਮਾਲਕ ਜਾਂ ਪ੍ਰਬੰਧਕ ਸਮਝਣ ਦੀ ਬਜਾਏ ਆਪਣੇ ਆਪ ਨੂੰ ਟਰੱਸਟੀ ਸਮਝਣ। 'ਲੋਕਰਾਜੀ ਢਾਂਚੇ ਵਿਚ ਸਰਕਾਰ ਲੋਕਾਂ ਦੁਆਰਾ ਚੁਣੀ ਜਾਂਦੀ ਹੈ ਤੇ ਲੋਕ ਸਿਆਸੀ ਲੋਕਾਂ ਨੂੰ ਦੇਸ਼ ਦੀ ਵਾਂਗਡੋਰ ਟਰੱਸਟੀ ਦੇ ਰੂਪ ਵਿਚ ਸੌਂਪਦੇ ਹਨ। ਉਹ ਪ੍ਰਬੰਧ ਚਲਾਉਣ ਲਈ ਮਜ਼ਦੂਰਾਂ, ਕਾਮਿਆਂ ਅਤੇ ਕਿਸਾਨਾਂ ਦੀ ਬਿਹਤਰੀ, ਭਲਾਈ ਤੇ ਵਿਕਾਸ, ਅਮਨ ਕਾਨੂੰਨ ਦੀ ਵਿਵਸਥਾ ਬਣਾਏ ਰੱਖਣ ਦੀ ਜ਼ਿੰਮੇਵਾਰੀ ਨਾਲ ਬੱਝੇ ਹੋਏ ਹੁੰਦੇ ਹਨ। ਸਰਕਾਰਾਂ ਦਾ ਮੁੱਖ ਫ਼ਰਜ਼ ਇਹਨਾਂ ਵਰਗਾਂ ਲਈ ਕੁਦਰਤੀ ਨਿਆਂ ਅਤੇ ਅਸੂਲ ਦੇ ਸਿਧਾਂਤ ਅਨੁਸਾਰ ਇਨਸਾਫ਼ ਪ੍ਰਦਾਨ ਕਰਨਾ ਹੁੰਦਾ ਹੈ।



ਪਾਣੀ ਦੀਆਂ ਮੁੱਢਲੀਆਂ ਸਹੂਲਤਾਂ ਨਹੀਂ ਮਿਲਦੀਆਂ। ਵਿਸ਼ਵ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਭਾਰਤ ਵਿਚ ਇਕ ਤਿਹਾਈ ਅਬਾਦੀ ਗਰੀਬ ਕਿਰਤੀਆਂ ਅਤੇ ਕਿਸਾਨਾਂ ਦੀ ਹੈ ਜੋ ਗਰੀਬੀ ਰੇਖਾ ਤੋਂ ਵੀ ਹੇਠਾਂ ਦੀ ਜ਼ਿੰਦਗੀ ਬਤੀਤ ਕਰ ਰਹੀ ਹੈ, ਉਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਕਰਨ ਲਈ ਸਰਕਾਰੀ ਤੇ ਗ਼ੈਰ ਸਰਕਾਰੀ ਪੱਧਰ ਤੇ ਹੋਰ ਬਹੁਤ ਉਪਰਾਲੇ ਕਰਨ ਦੀ ਜ਼ਰੂਰਤ ਹੈ।

ਪ੍ਰਸਿੱਧ ਸਮਾਜ ਸ਼ਾਸਤਰੀ ਕਾਰਲ ਮਾਰਕਸ ਨੇ ਕਿਹਾ ਸੀ ਕਿ ਮਜ਼ਦੂਰ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਉਸ ਨੂੰ ਉਸਦੀ ਮਜ਼ਦੂਰੀ ਮਿਲ ਜਾਣੀ ਚਾਹੀਦੀ ਹੈ। ਇਹੋ ਹੀ ਅਸਲ ਲਫ਼ਜ਼ਾਂ ਵਿਚ ਸਮਾਜਵਾਦ ਹੈ। ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਕਿਸੇ ਦੇਸ਼ ਦੀ ਤਰੱਕੀ ਉਸ ਦੇਸ਼ ਦੇ ਕਾਮਿਆ ਅਤੇ ਕਿਸਾਨਾਂ ਉੱਤੇ

• • •

ਕਿਰਤ ਕਰੋ, ਨਾਮ ਜਪੋ, ਵੰਡ ਛਕੋ।

• • •

ਸਿੱਖ ਪਰਿਵਾਰਾਂ ਵਿੱਚ ਦਾਦੇ-ਦਾਦੀਆਂ, ਮਾਤਾ-ਪਿਤਾ ਆਪਣੇ ਛੋਟੇ ਬੱਚਿਆਂ ਨੂੰ ਗੁਰੂ ਸਾਹਿਬਾਨ ਤੇ ਸਿੱਖ ਸੂਰਬੀਰ ਯੋਧਿਆਂ ਦੀਆਂ ਕਹਾਣੀਆਂ ਜ਼ਰੂਰ ਸੁਨਾਉਣ। ਬੱਚੇ ਪੂਰਨ ਗੁਰਸਿੱਖ ਤੇ ਨਿਡਰ ਯੋਧੇ ਬਨਣਗੇ।

1 ਮਈ ਮਜ਼ਦੂਰ ਦਿਵਸ 'ਤੇ ਵਿਸ਼ੇਸ਼

ਦੇਸ਼ ਦੀ ਖੁਸ਼ਹਾਲੀ ਦਾ ਮਜ਼ਬੂਤ ਥੰਮ੍ਹ ਹਨ ਕਿਸਾਨ ਅਤੇ ਮਜ਼ਦੂਰ

ਪੁਰਾਤਨ ਸਮੇਂ ਵਿਚ ਭਾਰਤਵਰਸ਼ ਵਿਚ ਕੋਈ ਸਨਅਤ ਅਤੇ ਉਦਯੋਗਿਕ ਗਤੀਵਿਧੀਆਂ ਨਹੀਂ ਹੁੰਦੀਆਂ ਸਨ। ਸਿਰਫ ਤੇ ਸਿਰਫ ਕਿਸਾਨ, ਮਜ਼ਦੂਰ ਅਤੇ ਕੁਦਰਤੀ ਸੋਮਿਆਂ ਤੋਂ ਹੀ ਭਾਰਤਵਰਸ਼ ਇਕ ਸੋਨੇ ਦੀ ਚਿੜੀ ਸਦੀਆਂ ਤੱਕ ਰਿਹਾ ਹੈ। ਬਾਹਰਲੇ ਹਮਲਾਵਰ ਸਦੀਆਂ ਤੱਕ ਇਸ ਧਰਤੀ ਤੇ ਆ ਕੇ ਇਸ ਨੂੰ ਲੁੱਟ ਕੇ ਜਾਂਦੇ ਰਹੇ ਪ੍ਰੰਤੂ ਫਿਰ ਵੀ ਇਹ ਕੁਦਰਤੀ ਦੇਣ ਕਾਰਨ ਅਤੇ ਕਿਸਾਨ ਅਤੇ ਮਜ਼ਦੂਰ ਦੀ ਮਿਹਨਤ ਨਾਲ ਆਪਣੇ ਪੈਰਾਂ ਤੇ ਖੜ੍ਹੇ ਹੁੰਦੇ ਰਹੇ। ਉਸ ਸਮੇਂ ਦੇ ਸਾਸ਼ਕ ਇਨ੍ਹਾਂ ਸਾਧਨਾਂ ਕਰਕੇ ਆਮਦਨ ਦਾ ਚੰਗਾ ਪ੍ਰਯੋਗ ਕਰਦੇ ਰਹੇ ਅਤੇ ਖੁਸ਼ਹਾਲ ਰਾਜ ਭਾਗ ਹੁੰਦਾ ਰਿਹਾ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਕਿਸਾਨ ਅਤੇ ਮਜ਼ਦੂਰ ਦੀ ਸੰਤੁਸ਼ਟੀ ਕਾਰਨ ਹੀ ਇਕ ਸ਼ਾਂਤ, ਸਮੁੱਚਾ ਅਤੇ ਸਿਹਤਮੰਦ ਸਮਾਜ ਸਿਰਜਦਾ ਰਿਹਾ ਹੈ। ਇਸ ਸਭ ਵਿਚ ਵਿਸ਼ੇਸ਼ ਯੋਗਦਾਨ ਅਤੇ ਉਤਸ਼ਾਹ ਸਾਸ਼ਕਾਂ ਵੱਲੋਂ ਪ੍ਰਜਾ ਦੀ ਲੋੜਾਂ ਲਈ ਗੰਭੀਰ ਹੋਣਾ ਅਤੇ ਔਕੜਾਂ ਵੇਲੇ ਯੋਗ ਸਹਾਇਤਾ ਕਰਨੀ ਸੀ। ਬਹੁਗਿਣਤੀ ਇਨ੍ਹਾਂ ਦੋਹਾਂ ਵਰਗਾਂ ਦੀ ਹੋਣ ਕਰਕੇ ਖਾਣ-ਪੀਣ ਅਤੇ ਜੀਵਨ ਲਈ ਸਹਾਈ ਵਸੀਲੇ ਹੋਣ ਕਰਕੇ ਚੰਗੀ ਸੋਚ ਵਾਲੇ ਧਾਰਮਿਕ ਆਗੂ, ਚੰਗੀ ਸਿਹਤ ਵਾਲੇ ਯੋਧੇ ਅਤੇ ਖਿਡਾਰੀ ਸਮੇਂ-ਸਮੇਂ ਸਿਰ ਲਗਾਤਾਰ ਵਿਚਰਦੇ ਰਹੇ। ਹੁਣ ਇਸ ਸੰਸਾਰਿਕ ਤਰੱਕੀ ਯੁੱਗ ਵਿਚ ਜੋ ਦੂਰਦਰਸ਼ਾ ਕਿਸਾਨਾਂ ਅਤੇ ਮਜ਼ਦੂਰ ਵਰਗ ਦੀ ਹੋ ਰਹੀ ਹੈ, ਉਸ ਲਈ ਖਾਸ ਤੌਰ ਤੇ ਸਾਸ਼ਕ ਹੀ ਜ਼ਿੰਮੇਵਾਰ ਹਨ ਜੋ ਇਨ੍ਹਾਂ ਵਰਗਾਂ ਦੀਆਂ ਜ਼ਰੂਰਤਾਂ ਨੂੰ ਅਣਦੇਖੀ ਕਰਦੇ ਹੋਏ ਹੋਰ ਬੈਂਕ ਨੀਤੀਆਂ ਕਰਕੇ ਫਿਰਕੂ, ਸਮਾਜਿਕ, ਨਾ ਬਰਾਬਰਤਾ ਅਤੇ ਖੇਤਰੀਵਾਦ ਕਰਕੇ ਇਨ੍ਹਾਂ ਵਰਗਾਂ ਦੀ ਕੋਈ ਖਾਸ ਸੁਣਵਾਈ ਨਹੀਂ ਕੀਤੀ ਬਲਕਿ ਬਹੁਤ ਹੀ ਅਣਦੇਖੀ ਹੋ ਰਹੀ ਹੈ।

ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535



ਪੰਜਾਬੀ ਜੋ ਕਿ ਦ੍ਰਿੜ੍ਹ ਇਰਾਦੇ ਵਾਲੇ, ਦੇਸ਼ ਲਈ ਮੋਹਰੀ, ਅਜ਼ਾਦੀ ਗੁਲਾਟੀਏ ਅਤੇ ਫੌਜ ਦੀ ਰੀੜ ਦੀ ਹੱਡੀ ਹਨ। ਹੁਣ ਪ੍ਰੇਸ਼ਾਨੀਆਂ ਅੱਗੇ ਹਾਰ ਰਹੇ ਹਨ ਅਤੇ ਖੁਦਕੁਸ਼ੀਆਂ ਵੱਧ ਰਹੀਆਂ ਹਨ। ਇਹ ਸਭ ਕੁਝ ਕੋਈ ਠੋਸ ਕੇਂਦਰੀ ਪਾਲਿਸੀ ਨਾ ਹੋਣ ਕਰਕੇ ਹੋ ਰਿਹਾ ਹੈ। ਕਿਸਾਨਾਂ ਦੇ ਹਾਲਾਤ ਬੱਤਰ ਹਨ ਅਤੇ ਉਨ੍ਹਾਂ ਦੀ ਸਵੈਮਾਨੀ ਜ਼ਿੰਦਗੀ ਨਹੀਂ ਹੈ ਕਿਉਂਕਿ ਸਵੈ-ਨਿਰਭਰ ਕਿਸਾਨੀ ਨੂੰ ਹੱਲਾਸ਼ੇਰੀ ਨਹੀਂ ਮਿਲੀ ਹੈ। ਸਿਰਫ਼ ਤੇ ਸਿਰਫ਼ ਕਾਗ਼ਜ਼ਾਂ ਵਿਚ ਹੀ ਢੰਡੋਰਾ ਪਿੱਟਿਆ ਜਾਂਦਾ ਹੈ। ਜੋ ਯੋਧੇ ਕੁਰਬਾਨੀਆਂ ਵਾਲੇ ਅਤੇ ਦੇਸ਼ ਨੂੰ ਖੁਸ਼ਹਾਲ ਅਤੇ ਆਜ਼ਾਦੀ ਲਈ ਨਿਤਰਦੇ ਸਨ ਉਹ ਸਾਧਾਰਨ ਖੇਤੀਬਾੜੀ ਅਤੇ ਖੇਤੀ ਕਾਮਿਆਂ ਵਿਚੋਂ ਸਨ। ਭਾਵੇਂ ਕੁਝ ਕੁ ਅਮੀਰ ਘਰਾਨਿਆਂ ਨੇ ਇਨ੍ਹਾਂ ਦੀ ਸਫਲਤਾ ਦਾ ਨਾਮ ਆਪਣੇ ਨਾਮ ਕਰਵਾ ਲਿਆ ਸੀ ਅਤੇ ਕਰਵਾ ਰਹੇ ਹਨ। ਕਿਸਾਨਾਂ ਦਾ ਅੰਦੋਲਨ ਕਰਨ ਦਾ ਕੀ ਕਾਰਨ ਹੈ? ਕੋਈ ਕਿਉਂ ਸੜਕਾਂ ਤੇ ਮੁਜਾਰਿਆਂ ਵਿਚ ਆਉਂਦਾ ਹੈ। ਕਿਸਾਨ ਕੋਲ ਸਵੇਰ ਤੋਂ ਪਹਿਲਾਂ ਅਤੇ ਰਾਤ ਤੱਕ ਰੁਝੇ ਹੋਣ ਕਾਰਨ ਤਾਂ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਤਰੱਕੀ ਲਈ ਵੀ ਸਮਾਂ ਨਹੀਂ ਫਿਰ ਕਿਉਂ ਉਹ ਅੰਦੋਲਨ ਦੇ ਰਾਹ ਤੇ ਤੁਰਿਆ ਹੈ। ਵੇਖਣ ਪੁੱਛਣ ਅਤੇ ਕਰਨ ਦੀ ਗੱਲ ਹੈ। ਇਸ ਨੂੰ ਅਮਲੀ ਰੂਪ ਦੇਣ ਨਾਲ ਹੀ ਦੇਸ਼ ਕੌਮ ਦੀ ਤਰੱਕੀ ਅਤੇ ਸੁਧਾਰ ਹੋ ਸਕਦਾ ਹੈ।


ਇਸ ਸਭ ਕੁਝ ਲਈ ਕਿਸਾਨਾਂ ਨੂੰ ਚੰਗੀਆਂ ਰਿਪੋਰਟਾਂ, ਜਿਵੇਂ ਕਿ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨ ਤੋਂ ਪਹਿਲਾਂ ਕਹਿਣ ਕਿ ਚੰਗੀ ਤਰ੍ਹਾਂ ਰਿਪੋਰਟ ਦੀ ਘੋਖ ਕਰ ਲੈਣੀ ਚਾਹੀਦੀ ਹੈ ਤਾਂ ਜੋ ਇਸ ਵਿਚ ਵੀ ਕੋਈ ਛੁਪਿਆ ਤੱਥ ਨਾ ਹੋਵੇ ਜੋ ਕਿ ਬਾਦ ਵਿਚ ਛੋਟੇ ਅਤੇ ਵੱਡੇ ਕਿਸਾਨਾਂ ਲਈ ਨਾ ਲਾਹੇਵੰਦ ਸਾਬਤ ਹੋਵੇ। ਇਸ ਰਿਪੋਰਟ ਬਾਰੇ ਬਹੁਤ ਸਮੇਂ ਤੋਂ ਲਟਕੇ ਹੋਣ ਕਰਕੇ ਲਾਗੂ ਕਰਨ ਲਈ ਰੌਲਾ-ਰੱਪਾ ਪਿਆ ਰਹਿੰਦਾ ਹੈ ਅਤੇ ਇਸ ਵਿਚ ਖਦਸ਼ੇ ਕੀ ਹਨ ਕਿ ਰਿਪੋਰਟ ਕਿਸ ਤਰ੍ਹਾਂ ਸਹਾਈ ਹੋਵੇ। ਦੂਜਾ ਖੇਤੀ ਸਅਨਤਾਂ ਨੂੰ ਕੌਮੀ ਸਅਨਤ ਕਰਾਰ ਦੇ ਕੇ ਬਾਕੀ ਸਅਨਤਾਂ ਜਿਵੇਂ ਕਿ ਕੋਇਲਾ, ਸੀਮੈਂਟ, ਲੋਹਾ, ਕੁਦਰਤੀ ਤੇਲ ਤੇ ਗੈਸ ਅਤੇ ਹੋਰ ਉਤਪਾਦਾਂ ਦੇ ਅਨੁਮਾਨ ਦਾ ਦਿਨ ਨਿਰਧਾਰਤ ਹੋਵੇ ਤਾਂ ਜੋ ਰੋਜ਼-ਰੋਜ਼ ਦੀਆਂ ਹੜਤਾਲਾਂ, ਸਮਾਂ ਬਰਬਾਦੀ ਬੰਦ ਹੋ ਸਕੇ ਅਤੇ ਇਹ ਸਮਾਂ ਕੰਮਕਾਰ ਵਿਚ ਲਗਾ ਕੇ ਦੇਸ਼ ਲਈ ਲਾਹੇਵੰਦ ਸਾਬਤ ਹੋਣ। ਤੀਜਾ ਸਮੱਸਿਆ ਦਾ ਹੱਲ ਸਮੇਂ ਸਿਰ ਅਤੇ ਸਹਾਇਤਾ ਸਮੇਂ ਸਿਰ ਹੋਣੀ ਲਾਜ਼ਮੀ ਯਕੀਨੀ ਬਨਾਉਣੀ ਚਾਹੀਦੀ ਹੈ ਅਤੇ ਸਮੇਂ-ਸਮੇਂ ਸਿਰ ਇਸ ਨੂੰ ਘੋਖਦੇ ਰਹਿਣਾ ਚਾਹੀਦਾ ਹੈ। ਗਰੀਬ ਵਰਗ ਲਈ ਫਸਲ ਬੀਮਾ ਯੋਜਨਾ ਅਤੇ ਸਿਹਤ ਸੰਭਾਲ (ਮੈਡੀਕਲ) ਬੀਮਾ ਆਦਿ ਪੂਰਨ ਤੌਰ ਤੇ ਲਾਗੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਹਰ ਵਿਅਕਤੀ ਬਿਨਾਂ ਕਿਸੇ ਅਧਿਕਾਰੀ ਅਤੇ ਰਾਜਸੀ ਦਖਲਅੰਦਾਜ਼ੀ ਦੇ ਇਸ ਦਾ ਫਾਇਦਾ ਲੈ ਸਕਣ ਤਾਂ ਹੀ ਸਾਡਾ ਦੇਸ਼ ਫਿਰ ਤੋਂ ਇਕ ਸੋਨੇ ਦੀ ਚਿੜੀ ਬਣ ਸਕਦਾ ਹੈ।

ਸਰਦਾਰ ਬਹਾਦਰ ਕੈਪਟਨ ਮਹਿਤਾਬ ਸਿੰਘ

ਹਰ ਕੌਮ ਵਿਚ ਸਮੇਂ-ਸਮੇਂ 'ਤੇ ਕੁੱਝ ਅਜਿਹੀਆਂ ਸਖ਼ਸ਼ੀਅਤਾਂ ਜਨਮ ਲੈਂਦੀਆਂ ਹਨ ਜਿਨ੍ਹਾਂ ਦੇ ਯੋਗਦਾਨ ਸਦਕਾ ਉਹ ਕੌਮ ਹਮੇਸ਼ਾ ਫ਼ਖਰ ਮਹਿਸੂਸ ਕਰਦੀ ਹੈ। ਅਜਿਹੀ ਹੀ ਇਕ ਸਖ਼ਸ਼ੀਅਤ ਸਨ ਸੂਬੇਦਾਰ ਮੇਜਰ (ਆਨਰੇਰੀ ਕੈਪਟਨ) ਸਰਦਾਰ ਬਹਾਦਰ ਮਹਿਤਾਬ ਸਿੰਘ। ਇਨ੍ਹਾਂ ਦਾ ਜਨਮ ਪਿੰਡ ਗਾਲੋਵਾਲ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸੰਨ 1854 ਈ. ਵਿਚ ਹੋਇਆ। ਇਹ ਆਪਣੀ ਮਾਤਾ ਸਰਦਾਰਨੀ ਦਾਨ ਕੌਰ ਅਤੇ ਪਿਤਾ ਸ. ਹੀਰਾ ਸਿੰਘ ਦੇ ਪਲੇਠੇ ਪੁੱਤਰ ਸਨ। ਲੈਫਟੀਨੈਂਟ ਲਹਿਣਾ ਸਿੰਘ, ਸੂਬੇਦਾਰ ਗੁਰਦਿੱਤ ਸਿੰਘ ਅਤੇ ਸ. ਪੰਜਾਬ ਸਿੰਘ ਇਨ੍ਹਾਂ ਦੇ ਛੋਟੇ ਭਰਾ ਸਨ।

ਸਕੂਲ ਦੀ ਵਿੱਦਿਆ ਪ੍ਰਾਪਤ ਕਰਨ ਉਪਰੰਤ 1874 ਈ. ਵਿਚ ਆਪ ਪਹਿਲੀ ਸਿੱਖ ਇਨਫੈਂਟਰੀ ਰੈਜੀਮੈਂਟ (1st Sikh Infantry Regiment) ਵਿਚ ਭਰਤੀ ਹੋ ਗਏ ਅਤੇ ਵਧੀਆ ਸੇਵਾ ਕਾਰਨ ਤਰੱਕੀ ਦੀਆਂ ਮੰਜ਼ਿਲਾਂ ਤਹਿ ਕਰਦੇ ਗਏ। ਪਹਿਲਾਂ ਸੂਬੇਦਾਰ ਮੇਜਰ ਬਣੇ ਅਤੇ ਫੇਰ ਆਨਰੇਰੀ ਕਪਤਾਨੀ ਦੀ ਪਦਵੀ ਵੀ ਹਾਸਲ ਕਰ ਲਈ। ਇਸ ਪਲਟਨ ਨੇ ਜਿਸ ਵੀ ਲੜਾਈ ਵਿਚ ਭਾਗ ਲਿਆ ਸ. ਮਹਿਤਾਬ ਸਿੰਘ ਉਸ ਵਿਚ ਸ਼ਾਮਲ ਸਨ। ਮਿਸਾਲ ਦੇ ਤੌਰ ਤੇ ਵਜ਼ੀਰਸਤਾਨ (ਹੁਣ ਪਾਕਿਸਤਾਨ ਵਿਚ) ਅਤੇ ਉਸ ਸਮੇਂ ਦੀਆਂ ਹੋਰ ਲੜਾਈਆਂ, 1900 ਈ. ਨੂੰ ਚੀਨ ਵਿਚ ਇਕ ਮਹੱਤਵਪੂਰਨ ਕਿਲ੍ਹੇ ਨੂੰ ਸਰ ਕਰਨਾ। ਜਿਸ ਤੋਂ ਬਾਅਦ ਕੁੱਝ ਬਰਤਾਨਵੀ ਔਰਤਾਂ ਜਿਨ੍ਹਾਂ ਨੂੰ ਚੀਨੀ ਫੌਜੀਆਂ ਨੇ ਬੰਦੀ ਬਣਾ ਰੱਖਿਆ ਸੀ, ਨੂੰ ਆਜ਼ਾਦ ਕਰਾਇਆ ਗਿਆ ਅਤੇ ਉਨ੍ਹਾਂ ਦੇ ਪਤੀਆਂ ਦੇ ਹਵਾਲੇ ਕੀਤਾ ਗਿਆ।

ਸੂਬੇਦਾਰ ਮੇਜਰ ਬਣਨ ਉਪਰੰਤ ਇਹਨਾਂ ਨੇ ਕੌਮ ਦੀ ਭਲਾਈ ਲਈ ਦੋ ਮਹੱਤਵਪੂਰਨ ਕੰਮ ਕੀਤੇ। ਪਹਿਲਾ ਕੰਮ ਲੁਬਾਣਾ ਸਿੱਖਾਂ ਲਈ ਵੱਖਰੀਆਂ ਪਲਟਨਾ ਖੜ੍ਹੀਆਂ ਕਰਾਉਣਾ ਸੀ। ਇਹਨਾਂ ਦੀ ਹਿੰਮਤ ਸਦਕਾ 46, 47 ਅਤੇ 48 ਬੰਬੇ ਪਾਇਨੀਅਰ ਪਲਟਨਾਂ ਖੜ੍ਹੀਆਂ ਹੋਈਆਂ ਜਿਸ ਵਿਚ ਕਿ ਨਿਰੋਲ ਲੁਬਾਣਾ ਸਿੱਖ ਹੀ ਭਰਤੀ ਕੀਤੇ ਜਾਂਦੇ ਸਨ। ਜਦੋਂ ਮਾਰਚ 1901 ਈ. ਨੂੰ ਲਖਨਊ ਵਿਖੇ 48ਵੀਂ ਰੈਜੀਮੈਂਟ ਆਫ਼ ਬੰਗਾਲ ਇਨਫੈਂਟਰੀ (ਪਾਇਨੀਅਰ) ਖੜ੍ਹੀ ਕੀਤੀ ਗਈ ਤਾਂ ਸਰਦਾਰ ਬਹਾਦਰ ਸਿੰਘ ਜੀ ਇਸ ਪਲਟਨ ਦੇ ਪਹਿਲੇ ਸੂਬੇਦਾਰ ਮੇਜਰ ਬਣਾਏ ਗਏ (ਵਿਸਥਾਰ ਲਈ ਦੇਖੋ History of the Bombay Pioneers by Lt. Col. W.B.P. Tugwell - ਇਹ ਕਿਤਾਬ The United Services Institution Library, Delhi ਵਿਚ ਮੌਜੂਦ ਹੈ)। ਇਸ ਕਿਤਾਬ ਵਿਚ ਕਿਤਾਬ ਦੇ ਲੇਖਕ Lt. Col. W.B.P. Tugwell ਨੇ ਇਸ ਪ੍ਰਕਾਰ ਲਿਖਿਆ ਹੈ, The raising of this Battalion was commenced at Lucknow in March 1901, under the designation of the 48th Regiment of Bengal Infantry (Pioneers), which in the same year was altered to 48th Bengal Pioneers. This was the only one of the five battalions raised as Pioneers. Colonel C. Le G. Justice was appointed its first Commandant, the Adjutant being Lieut. J.L. Dougherty, the Quartermaster, Lieut. C.W. Neumann and its first Subedar Major being Mehtab Singh, Bahadur."



ਪ੍ਰੋ. (ਡਾ.) ਦੇਵਿੰਦਰ ਸਿੰਘ
ਅਟੱਲਗੜ੍ਹ (ਮੁਕੇਰੀਆਂ)
ਮੋਬਾ. 9915611155



ਇਹ ਇਤਿਹਾਸਕਾਰ ਆਪਣੀ ਇਸੇ ਕਿਤਾਬ ਵਿਚ ਅੱਗੇ ਚੱਲ ਕੇ ਇਸ ਪ੍ਰਕਾਰ ਲਿਖਦਾ ਹੈ –

48th PIONEERS

The Regiment was raised in 1901 with :-

2 Double Companies, Jats (Rohtak) Punjab only

2 Double Companies, Lobana Sikhs

2nd Double Companies, Lobana Sikhs

2nd BOMBAY PIONEERS

On being grouped as the Ist, 2nd, 3rd, 4th and 10th Battalions into 2nd Bombay Pioneers in 1922, it was ordered that each battalion was to consist of :

1 Company Lobana Sikhs

1 Company Mahrattas

1 Company Meos (Rajputana, U.P. and Punjab)

ਉਪਰੋਕਤ ਪ੍ਰਮਾਣਾਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਸ. ਮਹਿਤਾਬ ਸਿੰਘ ਜੀ ਨੇ ਆਪਣੀ ਲੁਬਾਣਾ ਕੌਮ ਦੀ ਬਿਹਤਰੀ ਲਈ ਉਪਰਾਲੇ ਕੀਤੇ। ਆਪਣੇ ਲੇਖ, "ਲੁਬਾਣਾ ਕੌਮ ਦੀ ਫੌਜੀ ਭਰਤੀ ਦਾ ਪਿਛੋਕੜ" ਵਿਚ ਮੇਜਰ ਨਰਿੰਦਰ ਸਿੰਘ ਜੱਲੋ (ਸ. ਮਹਿਾਬ ਸਿੰਘ ਜੀ ਜੱਲੋ ਸਾਹਿਬ ਦੇ ਨਾਨਾ ਜੀ ਸਨ), ਨੇ ਇਕ ਅਜਿਹੀ ਘਟਨਾ ਲਿਖੀ ਹੈ ਜਿਸ ਦਾ ਇਥੇ ਵਰਨਣ ਕਰਨਾ ਲਾਜ਼ਮੀ ਹੈ। ਮੇਜਰ ਜੱਲੋ ਲਿਖਦੇ ਹਨ ਕਿ ਜਦ 1899 ਈ. ਵਿਚ ਹਿੰਦੁਸਤਾਨ ਦੇ ਵਾਇਸਰਾਏ ਲਾਰਡ ਇਲਗਿਨ-2 ਸਨ ਤਾਂ ਸ. ਸੁੱਖਾ ਸਿੰਘ ਜੋ ਜ਼ਿਲ੍ਹਾ ਗੁਜਰਾਤ ਦੇ ਸਨ, ਉਹ "ਲਾਟ ਸਾਹਿਬ" ਦੇ ਸਲਾਹਕਾਰਾਂ ਵਿਚ ਸਨ। ਪਿੱਛੋਂ ਉਹਨਾਂ ਦੇ ਮਤਭੇਦ ਲੁਬਾਣਾ ਫੌਜੀ ਸਰਦਾਰਾਂ ਨਾਲ ਹੋ ਗਏ ਅਤੇ ਉਨ੍ਹਾਂ ਨੇ ਲਾਟ ਸਾਹਿਬ ਨੂੰ ਲੁਬਾਣਾ ਬਰਾਦਰੀ ਸਬੰਧੀ ਕਈ ਭੁਲੇਖੇ ਅਤੇ ਸ਼ੱਕ ਪਾ ਦਿੱਤੇ ਜਿਸ ਕਾਰਨ 400 ਦੇ ਲਗਭਗ ਲੁਬਾਣਾ ਫੌਜੀ ਸਰਦਾਰਾਂ ਅਤੇ ਜਵਾਨਾਂ ਨੂੰ ਫੌਜ ਵਿਚੋਂ ਡਿਸਚਾਰਜ ਕਰ ਦਿੱਤਾ ਗਿਆ। ਇਸ ਬੇ-ਇਨਸਾਫ਼ੀ ਦੇ ਵਿਰੋਧ ਵਿਚ ਪਹਿਲਾ ਡੈਪੂਟੇਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਡੀ.ਸੀ. ਨੂੰ ਸਰਦਾਰ ਬਹਦਾਰ ਮਹਿਤਾਬ ਸਿੰਘ ਦੀ ਪ੍ਰਧਾਨਗੀ ਹੇਠ ਮਿਲਿਆ।

ਮਿਸਟਰ ਲੈਂਗਲੇ (Langle) ਉਸ ਵਕਤ ਡੀ.ਸੀ. ਹੁਸ਼ਿਆਰਪੁਰ ਸਨ। ਡੀ.ਸੀ. ਸਾਹਿਬ ਨੇ ਡੈਪੂਟੇਸ਼ਨ ਨੂੰ ਬੜੀ ਗੌਰ ਨਾਲ ਸੁਣਿਆ। ਦੂਸਰਾ ਡੈਪੂਟੇਸ਼ਨ ਫਿਰ ਜਲੰਧਰ ਛਾਉਣੀ ਦੇ ਰਿਕਰੂਟਿੰਗ ਅਫ਼ਸਰ ਮੇਜਰ ਮੁਰਾਰਾ (Morara) ਸਾਹਿਬ ਨੂੰ ਮਿਲਿਆ। ਮੁਰਾਰਾ ਸਾਹਿਬ ਸੂਬੇਦਾਰ ਮੇਜਰ ਮਹਿਤਾਬ ਸਿੰਘ ਦੀ ਪਲਟਨ ਦੇ ਸਨ। ਉਨ੍ਹਾਂ ਬਹੁਤ ਗੰਭੀਰਤਾ ਨਾਲ ਸਾਰੀ ਗੱਲ ਸੁਣੀ ਅਤੇ ਕਿਹਾ ਕਿ ਤੁਸੀਂ ਮੈਨੂੰ ਡਿਸਚਾਰਜ ਕੀਤੇ ਸਰਦਾਰਾਂ ਅਤੇ ਜਵਾਨਾਂ ਦੀ ਲਿਸਟ ਦਿਓ। ਕੁੱਝ ਸਮੇਂ ਪਿਛੋਂ ਡੈਪੂਟੇਸ਼ਨ ਨੇ 400 ਫੌਜੀਆਂ ਦੀ ਲਿਸਟ ਮੁਰਾਰਾ ਸਾਹਿਬ ਨੂੰ ਪੇਸ਼ ਕੀਤੀ। ਫਿਰ ਇਹ ਡੈਪੂਟੇਸ਼ਨ ਲਾਰਡ ਕਰਜ਼ਨ ਨੂੰ ਮਿਲਿਆ। ਲਾਰਡ ਕਰਜ਼ਨ ਨੇ ਲੁਬਾਣਾ ਕੌਮ ਦਾ ਇਤਿਹਾਸ ਮੰਗਿਆ। ਇਹਨਾਂ ਮੁਖੀਆਂ ਨੇ ਆਖਿਆ ਕਿ ਸਾਡਾ ਇਤਿਹਾਸ ਮਦਰਾਸੀ ਭਾਸ਼ਾ ਵਿਚ ਹੈ। ਕੁੱਝ ਸਮੇਂ ਪਿਛੋਂ ਮਦਰਾਸੀ ਭਾਸ਼ਾ ਵਿਚ ਛਪਿਆ ਇਤਿਹਾਸ ਲਾਰਡ ਕਰਜ਼ਨ ਨੂੰ ਪੇਸ਼ ਕੀਤਾ ਗਿਆ ਜਿਸ ਦਾ ਪ੍ਰਭਾਵ ਉਸ ਉੱਤੇ ਬਹੁਤ ਵਧੀਆ ਪਿਆ ਅਤੇ ਉਸ ਨੇ ਸਾਰੀਆਂ ਮੰਗਾਂ ਮੰਨ ਲਈਆਂ ਅਤੇ ਡਿਸਚਾਰਜ ਕੀਤੇ 400 ਲੁਬਾਣਾ ਫੌਜੀਆਂ ਨੂੰ ਬਹਾਲ ਕਰ ਦਿੱਤਾ ਗਿਆ। ਇਸ ਤੋਂ ਬਾਅਦ ਸਰਕਾਰ ਨੇ ਲੁਬਾਣਾ ਕੌਮ ਦੀਆਂ ਅਲੱਗ ਕੰਪਨੀਆਂ ਸਥਾਪਤ ਕੀਤੀਆਂ ਜਿਨ੍ਹਾਂ ਦਾ ਵੇਰਵਾ ਪਿੱਛੇ ਦਿੱਤਾ ਜਾ ਚੁੱਕਾ ਹੈ।

ਦੂਜਾ ਮਹੱਤਵਪੂਰਨ ਕੰਮ ਜੋ ਸਰਦਾਰ ਬਹਾਦਰ ਨੇ ਕੀਤਾ, ਉਹ ਸੀ ਲੁਬਾਣਾ ਸਿੱਖਾਂ ਨੂੰ 'ਕਾਸ਼ਤਕਾਰ' (Agriculturist) ਕਰਾਰ ਦੁਵਾਉਣਾ। ਭਾਵੇਂ ਇਹ ਲੋਕ ਕਾਫੀ ਸਮੇਂ ਤੋਂ ਜ਼ਮੀਨਾਂ ਦੇ ਮਾਲਕ ਚਲੇ ਆਉਂਦੇ ਸਨ ਪਰ ਸਰਕਾਰੀ ਤੌਰ ਤੇ ਇਹਨਾਂ ਨੂੰ 1907 ਵਿਚ ਹੀ ਕਾਸ਼ਤਕਾਰ (ਜ਼ਰਾਇਤ ਪੇਸ਼ਾ) ਪਰਵਾਨ ਕੀਤਾ ਗਿਆ (ਇਸ ਦਾ ਵੇਰਵਾ ਗੌਰਮਿੰਟ ਪੰਜਾਬ ਨੋਟੀਫਿਕੇਸ਼ਨ ਨੰ. 100 ਮਿਤੀ 30 ਮਾਰਚ, 1906 ਵਿਚ ਦਰਜ ਹੈ)। ਪਹਿਲਾਂ ਇਹ ਪ੍ਰਵਾਨਗੀ ਅੰਬਾਲਾ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਫਿਰੋਜ਼ਪੁਰ, ਲਾਹੌਰ, ਅੰਮ੍ਰਿਤਸਰ, ਗੁਰਦਾਸਪੁਰ, ਸਿਆਲਕੋਟ, ਗੁਜਰਾਤ ਅਤੇ ਗੁਜਰਾਂਵਾਲਾ ਜ਼ਿਲ੍ਹਿਆਂ ਵਿਚ ਵੱਸਦੇ ਲੁਬਾਣਾ ਸਿੱਖਾਂ ਨੂੰ ਮਿਲੀ।

ਸਰਕਾਰ ਨੇ ਸਰਦਾਰ ਸਾਹਿਬ ਨੂੰ ਬਹੁਤ ਲਾਲਚ ਦਿੱਤੇ (ਜਿਵੇਂ ਕਿ ਲਾਇਲਪੁਰ ਜ਼ਿਲ੍ਹੇ ਵਿਚ 25 ਮੁਰੱਬੇ ਜ਼ਮੀਨ ਦੇਣ ਦੀ ਪੇਸ਼ਕਸ਼) ਕਿ ਉਹ ਇਹ ਕੰਮ ਦਾ ਬੀੜਾ ਨਾ ਚੁੱਕਣ। ਪਰ ਇਕ ਸੱਚ ਕੌਮ ਦਰਦੀ ਨੇ ਆਪਣੇ ਨਿੱਜੀ ਲਾਭ ਦੀ ਪਰਵਾਹ ਨਾ ਕੀਤੀ ਅਤੇ ਆਪਣੀ ਕੌਮ ਨੂੰ "ਜ਼ਰਾਇਤ ਪੇਸ਼ਾ" ਪਰਵਾਨ ਕਰਵਾ ਕੇ ਹੀ ਸਾਹ ਲਿਆ।

ਸਰਦਾਰ ਬਹਾਦਰ ਨੇ ਆਪਣੀ ਲਿਆਕਤ ਸਦਕਾ ਕਈ ਪੁਰਸਕਾਰ ਹਾਸਲ ਕੀਤੇ ਜਿਵੇਂ ਕਿ –

1. O.B.I. (Order of British India) Class-1

2. Military Cross

3. China Medal

4. Afganistan Kabul Kandhar Medal

5. Title of Sardar Bahadur

ਇਨ੍ਹਾਂ ਪੁਰਸਕਾਰਾਂ ਤੋਂ ਇਲਾਵਾ ਆਪ ਜੀ ਨੂੰ ਸਲਾਨਾ ਜਗੀਰ ਵੀ ਮਿਲਦੀ ਸੀ। ਇਸ ਤੋਂ ਇਲਾਵਾ ਇਹਨਾਂ ਨੂੰ ਸਰਕਾਰ ਨੇ ਪੰਜ ਮੁਰੱਬੇ ਜ਼ਮੀਨ ਚੱਕ ਨੰ. 115 ਸਾਊਥ, ਜ਼ਿਲ੍ਹਾ ਸਰਗੋਧਾ ਵਿਚ ਦਿੱਤੀ ਹੋਈ ਸੀ। ਇਸ ਚੱਕ ਵਿਚ ਲੁਬਾਣਾ ਸਿੱਖਾਂ ਦੇ ਕੇਵਲ ਦੋ ਹੀ ਘਰ ਸਨ। ਦੂਜਾ ਘਰ ਸ. ਵਸਾਖਾ ਸਿੰਘ ਦਾ ਸੀ ਜਿਸ ਨੂੰ ਪੰਜ ਮੁਰੱਬੇ ਮਿਲੇ ਹੋਏ ਸਨ। ਇਹ ਪਹਿਲਾਂ ਟਾਹਲੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਾਸੀ ਸਨ।

ਸਰਦਾਰ ਬਹਾਦਰ ਨੇ ਪਹਿਲੇ ਵਿਸ਼ਵ ਯੁੱਧ (1st World War 1914-1919) ਵਿਚ ਬ੍ਰਿਟਿਸ਼ ਸਰਕਾਰ ਦੇ ਸਿਪਾਹੀ ਵਜੋਂ ਲੜਦੇ ਹੋਏ ਵੱਡੀਆਂ ਪ੍ਰਾਪਤੀਆਂ ਕੀਤੀਆਂ। ਆਪ ਨੇ ਜ਼ਿਲ੍ਹਾ ਸਿਆਲਕੋਟ ਅਤੇ ਗੁਜਰਾਤ ਵਿਚੋਂ ਲੁਬਾਣਾ ਕੌਮ ਦੇ ਬਹੁਤ ਸਾਰੇ ਲੋਕਾਂ ਨੂੰ ਫੌਜ ਵਿਚ ਭਰਤੀ ਕੀਤਾ। ਆਪ ਨੂੰ British Commander-in-Chief ਨੇ ਫਰਵਰੀ 1919 ਨੂੰ ਜਲੰਧਰ ਦਰਬਾਰ ਵਿਖੇ Recruiting Sanad ਆਪਣੇ ਹੱਥੀਂ ਪ੍ਰਦਾਨ ਕੀਤੀ ਜਿਸ ਅਨੁਸਾਰ ਹੁਣ ਸਰਦਾਰ ਸਾਹਿਬ ਖੁਦ ਭਰਤੀ ਕਰਨ ਦੇ ਅਧਿਕਾਰੀ ਬਣ ਗਏ ਸਨ। Reference list of major records granted to the five districts of jalandhar division and adjoining states at the divisional durbar (meet) held at jalandhar on Feb. 19,1919 (P.B.).

ਆਪ ਜੀ ਦੁਆਰਾ ਪਹਿਲੇ ਵਿਸ਼ਵ ਯੁੱਧ ਵਿਚ ਦਿਖਾਈ ਬਹਾਦਰੀ ਅਤੇ ਵਧੀਆ ਕਾਰਗੁਜ਼ਾਰੀ ਦੀ ਸਰਾਹਨਾ ਉਨ੍ਹਾਂ ਦੋ ਚਿੱਠੀਆਂ ਵਿਚ ਵੀ ਮਿਲਦੀ ਹੈ ਜੋ ਆਪ ਨੂੰ ਝਾਂਸੀ ਤੋਂ ਮਿਤੀ 25 ਫਰਵਰੀ 1919 ਅਤੇ 16 ਜੁਲਾਈ 1919 ਨੂੰ Mr. G. Drinan ਨੇ ਲਿਖੀਆਂ ਸਨ। ਪਹਿਲੀ ਚਿੱਠੀ ਵਿਚ ਸਰਦਾਰ ਸਾਹਿਬ ਨੂੰ "My Dear Friend" ਕਰਕੇ ਸੰਬੋਧਨ ਕੀਤਾ

ਗਿਆ ਹੈ ਅਤੇ ਦੂਸਰੀ ਚਿੱਠੀ ਵਿਚ “Dear Mehtab Singh” ਕਰਕੇ ਸੰਬੋਧਨ ਕੀਤਾ ਗਿਆ ਹੈ। ਇਹ ਦੋਵੇਂ ਚਿੱਠੀਆਂ ਮੇਰੇ ਪਿਤਾ ਜੀ ਸਵ: ਸੁਜਾਨ ਸਿੰਘ ਪਾਸੋਂ ਪ੍ਰਾਪਤ ਹੋਈਆਂ ਸਨ ਜੋ ਇਸ ਸਮੇਂ ਮੇਰੇ ਪਾਸ ਮੌਜੂਦ ਹਨ।

ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਦਾ ਦਿਹਾਂਤ 1925 ਈ. ਨੂੰ ਹੋਇਆ। (ਕਈ ਇਤਿਹਾਸਕਾਰਾਂ ਨੇ ਦਿਹਾਂਤ ਦੀ ਮਿਤੀ 1923 ਲਿਖੀ ਹੈ) ਸਰਦਾਰ ਸਾਹਿਬ ਨੂੰ ਸਰਕਾਰ ਵੱਲੋਂ ਆਨਰੇਰੀ ਮੈਜਿਸਟਰੇਟ ਦੀ ਪਦਵੀ ਵੀ ਪ੍ਰਾਪਤ ਸੀ। ਆਪ ਜੀ ਦੇ ਪੰਜ ਲੜਕੇ ਅਤੇ ਦੋ ਲੜਕੀਆਂ ਸਨ। ਲੜਕੇ ਸਨ – ਸ. ਉੱਤਮ ਸਿੰਘ, ਸ. ਹਰਨਾਮ ਸਿੰਘ, ਸ. ਬਸੰਤ ਸਿੰਘ, ਸ. ਦਰਸ਼ਨ ਸਿੰਘ ਅਤੇ ਸ. ਸੁਜਾਨ ਸਿੰਘ। ਲੜਕੀਆਂ ਬੀਬੀ ਬਸੰਤ ਕੌਰ ਅਤੇ ਬੀਬੀ ਅਮਰ ਕੌਰ ਸਨ ਜੋ ਸਿਰਕੱਢ ਲੁਬਾਣਾ ਪਰਿਵਾਰਾਂ ਵਿਚ ਵਿਆਹੀਆਂ ਹੋਈਆਂ ਸਨ।

1940 ਨੂੰ ਸਰਦਾਰ ਸਾਹਿਬ ਦਾ ਪਿੰਡ (ਗਾਲੋਵਾਲ) ਬਿਆਸ ਦਰਿਆ ਵਿਚ ਆਏ ਹੜ੍ਹ ਦੀ ਭੇਟਾ ਚੜ੍ਹ ਗਿਆ। ਇਸ ਹੜ੍ਹ ਵਿਚ ਹੀ ਕਪਤਾਨ ਸਾਹਿਬ ਦੇ ਸਾਰੇ ਮੈਡਲ ਅਤੇ ਕਾਗਜ਼ਾਤ ਆਦਿਕ ਵੀ ਰੁੜ੍ਹ ਗਏ ਸਨ। ਇਸ ਦੇ ਬਦਲੇ ਇਸ ਪਰਿਵਾਰ ਨੂੰ ਨੇੜੇ ਹੀ ਪਿੰਡ ਬਾਲਾ ਵਿਖੇ ਜੋ ਕੋਈ ਚਾਰ ਕਿਲੋਮੀਟਰ ਦਸੂਰੇ ਦੇ ਲਹਿੰਦੇ ਪਾਸੇ ਸੀ, ਜ਼ਮੀਨ ਦਿੱਤੀ ਗਈ।

1947 ਵਿਚ ਦੇਸ਼ ਦੀ ਵੰਡ ਕਾਰਨ ਇਸ ਪਰਿਵਾਰ ਨੂੰ ਵੀ ਸਰਗੋਧੇ ਦੀ ਸਾਰੀ ਜਾਇਦਾਦ ਛੱਡ ਕੇ ਪੂਰਵੀ ਪੰਜਾਬ ਵਿਚ ਆਉਣਾ ਪਿਆ। ਮੁਰੱਬਿਆਂ ਦੀ ਜ਼ਮੀਨ ਕੱਟ ਕਟੌਤੀ ਉਪਰੰਤ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਲਹਿੰਦੇ ਵੱਲ ਪਿੰਡ ਅਟੱਲਗੜ੍ਹ ਵਿਚ ਅਲਾਟ ਹੋਈ ਜਿੱਥੇ ਅੱਜ ਸਰਦਾਰ ਬਹਾਦਰ ਜੀ ਦਾ ਪਰਿਵਾਰ ਪਰਫੁੱਲਤ ਅਤੇ ਆਨੰਦ ਵਿਚ ਹੈ। ਪਿੰਡ ਅਟੱਲਗੜ੍ਹ ਵਿਖੇ ਹੀ ਸਰਦਾਰ ਸਾਹਿਬ ਦੇ ਨਾਮ ਉੱਪਰ ਇਕ ਟੈਕਨੀਕਲ ਕਾਲਜ ਉਨ੍ਹਾਂ ਦੇ ਪੜਪੋਤਰੇ ਇੰਜੀਨੀਅਰ ਪਰਮਜੀਤ ਸਿੰਘ ਨੇ ਖੋਲ੍ਹਿਆ ਹੈ। ਸਰਦਾਰ ਸਾਹਿਬ ਦੇ ਪੋਤਰਿਆਂ, ਪੜ-ਪੋਤਰਿਆਂ ਅਤੇ ਦੋਹਤਰਿਆਂ ਨੇ ਜੀਵਨ ਦੇ ਹਰ ਖੇਤਰ ਵਿਚ ਵੱਡੀਆਂ ਮੱਲਾਂ ਮਾਰੀਆਂ ਹਨ। ਉਹ ਖੇਤਰ ਭਾਵੇਂ ਫੌਜ, ਇੰਜੀਨੀਅਰਿੰਗ ਜਾਂ ਸਿੱਖਿਆ ਦਾ ਕਿਉਂ ਨਾ ਹੋਵੇ। ਸ. ਮਹਿਤਾਬ ਸਿੰਘ ਦੇ ਪੁੱਤਰ ਅਤੇ ਧੀਆਂ ਅਕਾਲ ਚਲਾਣਾ ਕਰ ਚੁੱਕੇ ਹਨ। ਉਨ੍ਹਾਂ ਦੀ ਦੂਜੀ ਅਤੇ ਤੀਜੀ ਪੀੜ੍ਹੀ ਇਸ ਸਮੇਂ ਪਰਮਾਤਮਾ ਦੀ ਅਪਾਰ ਕਿਰਪਾ ਸਦਕਾ ਚੜ੍ਹਦੀ ਕਲਾ ਵਿਚ ਹੈ। ਇਨ੍ਹਾਂ ਪੀੜ੍ਹੀਆਂ ਦੇ ਬਹੁਤੇ ਬੱਚੇ ਵੱਖ-ਵੱਖ ਦੇਸਾਂ – ਅਮਰੀਕਾ, ਕੈਨੇਡਾ, ਇੰਗਲੈਂਡ, ਫਰਾਂਸ, ਜਰਮਨੀ, ਬੈਲਜੀਅਮ, ਆਸਟਰੇਲੀਆ ਅਤੇ ਨਿਊਜ਼ੀਲੈਂਡ ਆਦਿ ਵਿਚ ਕਾਮਯਾਬੀ ਦੀਆਂ ਬੁਲੰਦੀਆਂ ਛੂਹ ਰਹੇ ਹਨ। ਸ. ਬਹਾਦਰ ਕੈਪਟਨ ਮਹਿਤਾਬ ਸਿੰਘ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਹੀ ਲੁਬਾਣਾ ਕੌਮ ਅੱਜ ਉੱਚਾਈਆਂ ਨੂੰ ਛੂਹ ਰਹੀ ਹੈ। ਕੌਮ ਦੇ ਇਸ ਮਹਾਨ ਯੋਧੇ ਅਤੇ ਉਸਰੱਈਏ ਦਾ ਸਭ ਤੋਂ ਛੋਟਾ ਪੋਤਰਾ ਹੋਣ ਦਾ ਮੈਨੂੰ ਮਾਣ ਹੈ।

● ● ●

ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। ‘ਲੁਬਾਣਾ ਸੇਵਕ’ ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ ’ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

ਸੰਪਾਦਕ - ਸੁਰਿੰਦਰ ਸਿੰਘ ਰੂਬੀ

98141-28181

ਘੱਲੂਘਾਰਾ ਦਿਵਸ 'ਤੇ ਵਿਸ਼ੇਸ਼

ਛੋਟੇ ਘੱਲੂਘਾਰਾ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ...

ਭਗਵਾਨ ਸਿੰਘ ਜੌਹਲ

ਸਿੱਖ ਇਤਿਹਾਸ ਵਿਚ ਛੋਟੇ ਘੱਲੂਘਾਰੇ ਦੇ ਨਾਂਅ ਨਾਲ ਜਾਣਿਆ ਜਾਂਦਾ ਖ਼ੂਨੀ ਸਾਕਾ 1746 ਈ: ਦੇ ਮਈ-ਜੂਨ ਦੇ ਮਹੀਨਿਆਂ ਵਿਚ ਵਾਪਰਿਆ। ਇਤਿਹਾਸਕ ਤੱਥਾਂ ਮੁਤਾਬਿਕ 1745 ਈ: ਦੇ ਜੁਲਾਈ ਮਹੀਨੇ ਵਿਚ ਜ਼ਕਰੀਆ ਖਾਨ ਦੀ ਮੌਤ ਤੋਂ ਪਿੱਛੋਂ ਉਸ ਦਾ ਲੜਕਾ ਯਹੀਆ ਖਾਨ ਲਾਹੌਰ ਦਾ ਸੂਬੇਦਾਰ ਬਣਿਆ। ਉਹ ਆਪਣੇ ਪਿਉ ਨਾਲੋਂ ਵੀ ਵਧ ਕੇ ਜ਼ੁਲਮੀ ਸ਼ਾਸਕ ਸੀ। ਉਸ ਨੇ ਲਖਪਤ ਰਾਏ ਨੂੰ ਆਪਣਾ ਦੀਵਾਨ ਨਿਯੁਕਤ ਕੀਤਾ। ਐਮਨਾਬਾਦ (ਸੈਦਪੁਰ) ਹੁਣ ਪੱਛਮੀ ਪੰਜਾਬ (ਪਾਕਿਸਤਾਨ) ਦੇ ਨੇੜੇ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨਾਂ ਲਈ ਇਕ ਸਿੱਖ ਜਥੇ ਦੀ ਆਮਦ ਦਾ ਲਖਪਤ ਰਾਏ ਨੂੰ ਪਤਾ ਲੱਗਾ। ਉਸ ਨੇ ਇਸ ਜਥੇ ਨੂੰ ਰੋਕਣ ਲਈ ਆਪਣੇ ਭਰਾ ਜਸਪਤ ਰਾਏ ਦੀ ਅਗਵਾਈ ਵਿਚ ਇਕ ਫ਼ੌਜੀ ਟੁਕੜੀ ਲਾਹੌਰ ਤੋਂ ਭੇਜੀ। ਇਸ ਸਿੱਖ ਜਥੇ ਨੂੰ ਐਮਨਾਬਾਦ ਤੋਂ 25 ਕਿਲੋਮੀਟਰ ਦੂਰ ਪਿੰਡ ਬਦੋਲੀ ਗੁਸਾਈਆਂ ਨੇੜੇ ਰੋਕਣ ਦਾ ਯਤਨ ਕੀਤਾ ਗਿਆ। ਇਹ ਘਟਨਾ 1746 ਈ: ਦੇ ਆਰੰਭ ਦੀ ਹੈ, ਸਿੱਖ ਜਥਾ ਲੜਨਾ ਨਹੀਂ ਸੀ ਚਾਹੁੰਦਾ, ਉਹ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਅਸਥਾਨ ਦੇ ਦਰਸ਼ਨਾਂ ਲਈ ਹੀ ਪੁੱਜਣਾ ਚਾਹੁੰਦੇ ਸਨ। ਪਰ ਜਸਪਤ ਰਾਏ ਨੇ ਇਕ ਵੀ ਨਾ ਸੁਣੀ। ਇਸ ਝੜਪ ਵਿਚ ਭਾਈ ਨਿਭਾਹੂ ਸਿੰਘ ਦੇ ਨਾਂਅ ਦੇ ਇਕ ਸਿੱਖ ਯੋਧੇ ਨੇ ਹਾਥੀ ਦੀ ਪੂਛ ਫੜ ਕੇ ਹੌਦੇ ਵਿਚ ਬੈਠੇ ਜਸਪਤ ਰਾਏ ਦਾ ਸਿਰ ਕਲਮ ਕਰ ਦਿੱਤਾ। ਇਸ ਘਟਨਾ ਤੋਂ ਹੀ ਇਸ ਘੱਲੂਘਾਰੇ ਦਾ ਮੁੱਢ ਬੱਝਦਾ ਹੈ। ਲਖਪਤ ਰਾਏ ਨੂੰ ਜਦੋਂ ਭਰਾ ਦੀ ਮੌਤ ਦੀ ਖ਼ਬਰ ਮਿਲੀ ਤਾਂ ਉਸ ਨੇ ਕ੍ਰੋਧ ਵਿਚ ਆ ਕੇ ਫ਼ੌਜਦਾਰ ਯਹੀਆ ਖਾਨ ਦੀ ਹਾਜ਼ਰੀ ਵਿਚ ਪੱਗ ਲਾਹ ਕੇ ਸਹੁੰ ਖਾਧੀ ਕਿ ਹੁਣ ਉਹ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾ ਦੇਵੇਗਾ।

ਉਸ ਨੇ ਲਾਹੌਰ ਦੇ ਸੂਬੇਦਾਰ ਯਹੀਆ ਖਾਨ ਦੀ ਸਹਿਮਤੀ ਨਾਲ ਲਾਹੌਰ ਫ਼ੌਜ ਤੋਂ ਇਲਾਵਾ ਮੁਲਤਾਨ, ਬਹਾਵਲਪੁਰ ਅਤੇ ਜਲੰਧਰ ਦੇ ਫ਼ੌਜਦਾਰਾਂ ਤੋਂ ਸਹਾਇਤਾ ਮੰਗੀ। ਨਾਲ ਹੀ ਪਹਾੜੀ ਰਾਜਿਆਂ ਨੂੰ ਵੀ ਸੂਚਿਤ ਕੀਤਾ ਕਿ ਸਿੱਖ ਕਿਧਰੇ ਪਹਾੜੀ ਰਿਆਸਤਾਂ ਵੱਲ ਕੂਚ ਨਾ ਕਰ ਜਾਣ। ਸਭ ਤੋਂ ਪਹਿਲਾਂ ਲਾਹੌਰ ਦੇ ਸਾਰੇ ਸਿੱਖਾਂ ਨੂੰ ਫੜ ਕੇ ਕਤਲ ਕਰਨ ਦਾ ਹੁਕਮ ਕੀਤਾ। ਲਾਹੌਰ ਦੇ ਮੁਖੀ ਸੱਜਣਾਂ ਨੇ ਲਖਪਤ ਰਾਏ ਨੂੰ ਬਹੁਤ ਸਮਝਾਇਆ ਪਰ ਉਸ ਦੇ ਕੰਨ 'ਤੇ ਜੂੰ ਨਾ ਸਰਕੀ। ਉਸ ਨੇ ਢੋਲ ਵਜਾ ਕੇ ਐਲਾਨ ਕਰ ਦਿੱਤਾ ਕੋਈ ਸਿੱਖ ਗੁਰਬਾਣੀ ਨਹੀਂ ਪੜ੍ਹੇਗਾ, 'ਗੁੜ' ਸ਼ਬਦ ਦਾ ਉਚਾਰਨ ਨਹੀਂ ਕਰੇਗਾ, ਕਿਉਂਕਿ ਅਜਿਹਾ ਕਰਨ ਨਾਲ ਗੁਰੂ ਯਾਦ ਆਉਂਦਾ ਹੈ। ਗੁੜ ਦੀ ਥਾਂ ਰੋੜੀ ਕਿਹਾ ਜਾਵੇ।

ਸਾਰੇ ਸਿੰਘਾਂ ਨੇ ਗੁਰਮਤਾ ਕਰ ਕਰਕੇ ਯੁੱਧ ਨੀਤੀ ਨੂੰ ਵਿਚਾਰਦਿਆਂ ਗੁਰਦਾਸਪੁਰ ਜ਼ਿਲ੍ਹੇ ਦੇ ਕਾਦੀਆਂ ਕਸਬੇ ਤੋਂ ਅੱਠ ਕਿਲੋਮੀਟਰ ਦੂਰ ਕਾਹਨੂੰਵਾਨ ਦੇ ਛੰਭ ਵਿਚ ਡੇਰੇ ਲਾ ਲਏ। ਇਹ ਛੰਭ ਸੰਘਣਾ ਜੰਗਲ ਪਹਿਲਾਂ ਵੀ ਮੁਸੀਬਤ ਸਮੇਂ ਸਿੰਘਾਂ ਦੀ ਲੁਕਣਗਾਹ ਸੀ। ਲਖਪਤ ਰਾਏ ਨੇ ਲਾਹੌਰ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ। ਹੁਣ ਉਸ ਨੇ ਕਾਹਨੂੰਵਾਨ ਦੇ ਛੰਭ ਨੂੰ ਘੇਰਨ ਦਾ ਹੁਕਮ ਦਿੱਤਾ। ਇਸ ਕੰਡਿਆਂ, ਝਾੜੀਆਂ ਦੇ ਜੰਗਲ ਵਿਚ ਸਿੰਘ ਭੁੱਖਣ-ਭਾਣੇ ਦੁਸ਼ਮਣ ਨਾਲ ਗੁਰੀਲਾ ਢੰਗ ਨਾਲ ਲੜਦੇ ਰਹੇ। ਸਿੰਘਾਂ ਕੋਲ ਲਖਪਤ ਰਾਏ ਦੇ ਮੁਕਾਬਲੇ ਦਾ ਕੋਈ ਤੋਪਖਾਨਾ ਵੀ ਨਹੀਂ ਸੀ, ਨਾ ਹੀ ਹਥਿਆਰ। ਸਿੰਘਾਂ ਨੂੰ ਜੰਗਲ ਵਿਚ ਰਹਿਣ ਦੀ ਜਾਚ ਸੀ। ਲਖਪਤ ਰਾਏ ਨੇ ਪਹਿਲਾਂ ਜੰਗਲ ਕੱਟ ਕੇ ਤੋਪਾਂ ਲਈ ਰਸਤਾ ਬਣਾਇਆ ਅਤੇ ਨਾਲ ਹੀ ਜੰਗਲ ਨੂੰ ਅੱਗ ਲਾ ਦਿੱਤੀ। ਛੰਭ ਵਿਚ ਪੰਜ ਹਜ਼ਾਰ ਸਿੱਖਾਂ 'ਤੇ ਮੁਸੀਬਤ ਦਾ ਪਹਾੜ ਟੁੱਟ ਪਿਆ।

ਸਿੰਘਾਂ ਲਈ ਇਹ ਘੋਰ ਬਿਪਤਾ ਦਾ ਸਮਾਂ ਸੀ, ਪਰ ਫਿਰ ਵੀ ਮੁਗਲ ਸੈਨਾ ਦਾ ਟਾਕਰਾ ਉਨ੍ਹਾਂ ਬੜੀ ਬਹਾਦਰੀ ਨਾਲ ਕੀਤਾ। ਛੰਭ ਛੱਡ ਕੇ ਜਾਣ ਦਾ ਕੋਈ ਰਸਤਾ ਨਹੀਂ ਸੀ। ਲਖਪਤ ਰਾਏ ਦੀਆਂ ਫ਼ੌਜਾਂ ਮਾਰੋ-ਮਾਰ ਕਰਦੀਆਂ ਆ ਰਹੀਆਂ ਸਨ। ਇਸ ਘੇਰੇ ਵਿਚ ਮੁਖੀ ਜਰਨੈਲਾਂ ਵਿਚ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ. ਸੁੱਖਾ ਸਿੰਘ ਮਾੜੀ ਕੰਬੋਕੀ, ਸ: ਗੁਰਦਿਆਲ ਸਿੰਘ ਡੱਲੇਵਾਲ ਆਦਿ ਅਗਵਾਈ ਕਰ ਰਹੇ ਸਨ।

ਲਖਪਤ ਰਾਏ ਦੇ ਨਾਮੀ ਜਰਨੈਲ ਇਸ ਯੁੱਧ ਵਿਚ ਮਾਰੇ ਗਏ। ਕੁਝ ਸਿੰਘਾਂ ਨੇ ਬਚ ਕੇ ਲੰਮਾ ਸਫ਼ਰ ਤੈਅ ਕਰਕੇ ਰਾਵੀ ਦਰਿਆ ਪਾਰ ਕਰਕੇ ਕਠੂਆ ਤੇ ਬਸੌਲੀ ਵੱਲ ਮੂੰਹ ਕੀਤਾ, ਪਰ ਅੱਗੋਂ ਪਹਾੜੀ ਰਾਜਿਆਂ ਨੇ ਵੀ ਗੋਲੀਆਂ ਨਾਲ ਸਵਾਗਤ ਕੀਤਾ। ਇਸ ਲੜਾਈ ਵਿਚ ਸੱਤ ਹਜ਼ਾਰ ਸਿੰਘ ਸ਼ਹਾਦਤ ਪ੍ਰਾਪਤ ਕਰ ਗਏ। ਤਿੰਨ ਹਜ਼ਾਰ ਸਿੰਘਾਂ ਨੂੰ ਫੜ ਕੇ ਲਾਹੌਰ ਦੇ ਨਖਾਸ ਚੌਕ ਵਿਚ ਸ਼ਹੀਦ ਕੀਤਾ ਗਿਆ। ਕੁਝ ਕੁ ਸਿੰਘ ਮਾਲਵੇ ਵੱਲ ਤੇ ਕੁਝ ਕੁ ਪਹਾੜਾਂ ਵੱਲ ਨਿਕਲ ਗਏ। ਪਹਿਲਾਂ ਇਸ ਯੁੱਧ ਨੂੰ ਕੇਵਲ ਘੱਲੂਘਾਰਾ ਹੀ ਕਿਹਾ ਜਾਂਦਾ ਸੀ ਪਰ ਇਸ ਤੋਂ 16 ਸਾਲ ਤੋਂ ਪਿੱਛੋਂ 1762 ਈ: ਵਿਚ ਕੁੱਪ-ਰੋਹੀੜਾ ਦੇ ਅਸਥਾਨ 'ਤੇ ਹੋਏ ਵੱਡੇ ਘੱਲੂਘਾਰੇ ਤੋਂ ਬਾਅਦ ਇਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਾ। ਇਸ ਤਰ੍ਹਾਂ ਪਹਿਲੀ ਵਾਰ ਸਿੱਖਾਂ ਦਾ ਏਨਾ ਜਾਨੀ ਨੁਕਸਾਨ ਹੋਇਆ। ਲਖਪਤ ਰਾਏ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਹੱਥ ਲਿਖਤ ਬੀੜਾਂ ਨੂੰ ਵੀ ਸਾੜਿਆ ਅਤੇ ਗੁਰਧਾਮਾਂ ਦਾ ਵੀ ਰੱਜ ਕੇ ਨੁਕਸਾਨ ਕੀਤਾ। ਪੰਜਾਬ ਸਰਕਾਰ ਵੱਲੋਂ ਘੱਲੂਘਾਰਾ ਦੇ ਅਸਥਾਨ 'ਤੇ ਯਾਦਗਾਰ ਦੀ ਉਸਾਰੀ ਕੀਤੀ ਗਈ ਹੈ।

-ਮੋਬਾ: 98143-24040

ਅਪ੍ਰੈਲ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ

ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।



1. ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ - ਅਪ੍ਰੈਲ 2026 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਸੀਨੀ. ਮੈਨੇਜਰ (ਰਿਟਾ.) ਗ੍ਰਾਮੀਨ ਬੈਂਕ ਕਪੂਰਥਲਾ), ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਅਪ੍ਰੈਲ ਮਹੀਨੇ ਦੀ ਕੁੱਲ ਆਮਦਨ 4,13,859.05/- ਰੁਪਏ

ਅਪ੍ਰੈਲ ਮਹੀਨੇ ਦਾ ਕੁੱਲ ਖਰਚਾ 7,08,21.90/- ਰੁਪਏ

ਸਮੂਹ ਮੈਂਬਰ ਸਾਹਿਬਾਨ ਜੀ ਦੀ ਜਾਣਕਾਰੀ ਹਿੱਤ ਮੁੱਖ-ਮੁੱਖ ਖਰਚਿਆਂ ਦਾ ਵੇਰਵਾ ਅਪ੍ਰੈਲ ਮਹੀਨੇ ਵਿਚ ਨਿਮਨ ਲਿਖਿਤ ਮੁਤਾਬਿਕ ਹੈ :-

(ੳ) ਵਜ਼ੀਫ਼ਾ ਅਤੇ ਫ਼ੀਸ 31 ਵਿਦਿਆਰਥੀਆਂ ਨੂੰ ਦਿੱਤਾ ਗਿਆ = 2,49,500/- ਰੁਪਏ

(ਅ) ਭਵਨ ਦੇ ਗੁਰੂ ਘਰ ਲਈ ਸਟੀਲ ਦੇ ਦੋ ਗੇਟ, ਮੇਨ ਆਡੀਟੋਰਿਅਮ ਦੀ ਸਟੇਜ ਅਤੇ ਮੇਨ ਹਾਲ ਦੇ ਮੁੱਖ ਦੁਆਰ ਦੀ ਰੇਲਿੰਗ ਲਈ ਅਡਵਾਂਸ ਦਿੱਤਾ ਗਿਆ = 50,000/- ਰੁਪਏ

(ਏ) ਭਵਨ ਦੇ ਸਟਾਫ਼ ਦਾ ਮਾਨਭੱਤਾ ਆਦਿ ਦੀ ਅਦਾਇਗੀ ਕੀਤੀ ਗਈ = 1,64,646.55/- ਰੁਪਏ

(ਸ) ਭਵਨ ਦੀ ਚਾਰਦਿਵਾਰੀ ਦੇ ਰੰਗ-ਰੋਗਨ ਦੀ ਬਕਾਇਆ ਰਾਸ਼ੀ ਅਦਾ ਕੀਤੀ ਗਈ = 25,000/- ਰੁਪਏ

(ਹ) ਪਿਛਲੀ ਟੀ.ਡੀ.ਐਸ. ਦੀ ਦੇਰੀ ਫ਼ੀਸ ਅਤੇ ਵਿਆਜ਼ ਦਾ ਬਕਾਇਆ ਭੁਗਤਾਨ ਕੀਤਾ ਗਿਆ ਜੋ ਕਿ ਆਈ. ਟੀ.ਓ. (ਆਮਦਨ ਕਰ ਵਿਭਾਗ) ਦੇ ਨੋਟਿਸ ਮਿਤੀ 26.02.2026 ਮੁਤਾਬਿਕ ਸੀ = 14,781/-ਰੁਪਏ

(ਕ) ਬਿਜਲੀ ਅਤੇ ਪਾਣੀ ਦੇ ਬਿਲ ਦੀ ਅਦਾਇਗੀ ਕੀਤੀ ਗਈ = 51,120.,66/- ਰੁਪਏ

(ਖ) ਸਟਾਫ਼ ਦੀ ਸਕਿਉਰਿਟੀ ਦੀ ਰਾਸ਼ੀ ਵਾਪਿਸ ਕੀਤੀ = 18,000/- ਰੁਪਏ

ਅਪ੍ਰੈਲ ਦੇ ਮਹੀਨੇ ਵਿੱਚ ਮੁੱਖ-ਮੁੱਖ ਖਰਚਿਆਂ ਦਾ ਕੁੱਲ ਜੋੜ = 5,73,048.51 /- ਰੁਪਏ

2. **ਅਪ੍ਰੈਲ (ਵੈਸਾਖ) ਮਹੀਨੇ ਦੀ ਸੰਗਰਾਂਦ ਬਾਰੇ** - ਮਿਤੀ 14.04.2026 ਨੂੰ ਵੈਸਾਖ ਮਹੀਨੇ ਦੀ ਸੰਗਰਾਂਦ ਭਵਨ ਵਿੱਚ ਆਤਮਿਕਤਾ ਅਤੇ ਸ਼ਰਧਾ ਦੇ ਮਾਹੌਲ ਵਿੱਚ ਮਨਾਈ ਗਈ। ਇਸ ਪਵਿੱਤਰ ਦਿਹਾੜੇ ਦੇ ਮੌਕੇ ਤੇ ਕੀਰਤਨੀ ਜੱਥੇ ਵੱਲੋਂ ਗੁਰਬਾਣੀ ਕੀਰਤਨ ਦੀ ਮਧੁਰ ਧੁਨੀਆਂ ਨੇ ਸੰਗਤ ਨੂੰ ਗਹਿਰੇ ਆਤਮਿਕ ਅਨੁਭਵ ਨਾਲ ਜੋੜਿਆ ਅਤੇ ਸੰਗਤ ਨੇ ਗੁਰਬਾਣੀ ਦਾ ਆਨੰਦ ਮਾਣਿਆ। ਮੈਨੇਜਮੈਂਟ ਕਮੇਟੀ ਦੇ ਮੁੱਖ ਅਹੁਦੇਦਾਰਾਂ ਦੀ ਹਾਜ਼ਰੀ ਨੇ ਸਮਾਗਮ ਨੂੰ ਹੋਰ ਵੀ ਗੰਭੀਰਤਾ ਅਤੇ ਮਹੱਤਤਾ ਬਖਸ਼ੀ, ਜਿਸ ਨਾਲ ਇਹ ਦਿਹਾੜਾ ਯਾਦਗਾਰ ਬਣ ਗਿਆ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਚੱਲ ਰਹੀਆਂ ਡੈਂਟਲ ਸੇਵਾਵਾਂ ਡਾ. ਅਕਸ਼ੇ ਠਾਕੁਰ (ਐੱਮ.ਡੀ.ਐੱਸ.) ਬਹੁਤ ਹੀ ਪ੍ਰਭਾਵਸਾਲੀ ਅਤੇ ਸਰਾਹਣਯੋਗ ਢੰਗ ਨਾਲ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਹਨਾਂ ਵਲੋਂ ਮਰੀਜ਼ਾਂ ਨੂੰ ਡੈਂਟਲ ਦੀਆਂ ਸੇਵਾਵਾਂ ਸਫਾਈ, ਆਧੁਨਿਕ ਇਲਾਜ ਅਤੇ ਸੰਵੇਦਨਸੀਲ ਦੇਖਭਾਲ ਨਾਲ ਬੜੇ ਹੀ ਸੁਚੱਜੇ ਢੰਗ ਨਾਲ ਦਿੱਤੀਆਂ ਜਾ ਰਹੀਆਂ ਹਨ। ਇਹ ਸੇਵਾ ਭਵਨ ਵੱਲੋਂ ਸਮਾਜ ਦੀ ਭਲਾਈ ਲਈ ਇੱਕ ਚੰਗਾ ਉਪਰਾਲਾ ਹੈ।

4. **ਫ਼ਾਇਰ-ਫ਼ਾਇਟਿੰਗ ਦੀ ਐਨ.ਓ.ਸੀ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸਨ (ਰਜਿ.), ਸੈਕਟਰ 30-ਏ, ਚੰਡੀਗੜ੍ਹ ਦੇ ਭਵਨ ਲਈ ਫਾਇਰ ਫਾਈਟਿੰਗ ਐਨ.ਓ.ਸੀ. ਪ੍ਰਾਪਤੀ ਸੰਬੰਧੀ ਸਥਿਤੀ ਬਾਰੇ ਅਪਡੇਟ ਦਿੱਤੀ ਜਾਂਦੀ ਹੈ ਕਿ ਮਾਮਲਾ ਇਸ ਵੇਲੇ ਪ੍ਰਕਿਰਿਆਧੀਨ ਹੈ ਅਤੇ ਹਾਲੇ ਤੱਕ ਕੋਈ ਮਹੱਤਵਪੂਰਨ ਅੱਗੇਕਦਮੀ ਦਰਜ ਨਹੀਂ ਹੋਈ। ਭਵਨ ਵੱਲੋਂ ਸੰਬੰਧਿਤ ਵਿਭਾਗਾਂ ਨਾਲ ਲਗਾਤਾਰ ਸੰਪਰਕ ਬਣਾ ਕੇ ਰੱਖਿਆ ਗਿਆ ਹੈ ਅਤੇ ਲੋੜੀਂਦੇ ਦਸਤਾਵੇਜ਼ਾਂ ਦੀ ਪੂਰਤੀ ਸਮੇਤ ਸਾਰੀਆਂ ਪ੍ਰਕਿਰਿਆਵਾਂ ਨੂੰ ਤੀਵਰ ਗਤੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ। ਫਾਉਂਡੇਸ਼ਨ ਵੱਲੋਂ ਇਸ ਮਾਮਲੇ ਨੂੰ ਪ੍ਰਾਥਮਿਕਤਾ ਦੇ ਅਧਾਰ 'ਤੇ ਸੰਭਾਲਿਆ ਜਾ ਰਿਹਾ ਹੈ। ਪੂਰੀ ਉਮੀਦ ਹੈ ਕਿ ਨਜਦੀਕੀ ਭਵਿੱਖ ਵਿੱਚ ਸਕਾਰਾਤਮਕ ਨਤੀਜੇ ਸਾਹਮਣੇ ਆਉਣਗੇ ਅਤੇ ਐਨ.ਓ.ਸੀ. ਪ੍ਰਾਪਤ ਕਰਨ ਦੀ ਪ੍ਰਕਿਰਿਆ ਸਫਲਤਾਪੂਰਵਕ ਪੂਰੀ ਕੀਤੀ ਜਾਵੇਗੀ।

5. **ਰਿਵਾਇਜਡ ਬਿਲਡਿੰਗ ਪਲਾਨ ਅਤੇ ਐਸ.ਡੀ.ਐਮ. (ਈਸਟ) ਕੇਸ ਸੰਬੰਧੀ ਅਪਡੇਟ** - ਬਾਬਾ ਮੱਖਣ ਸਾਹ ਲੁਬਾਣਾ ਫਾਉਂਡੇਸਨ (ਰਜਿ.), ਸੈਕਟਰ 30-ਏ, ਚੰਡੀਗੜ੍ਹ ਵੱਲੋਂ ਸੰਸੋਧਿਤ ਬਿਲਡਿੰਗ ਪਲਾਨ ਸਾਰੇ ਲੋੜੀਂਦੇ ਸੋਧਾਂ ਅਤੇ ਨਵੀਆਂ ਅਪਡੇਸ਼ਨਾਂ ਸਮੇਤ ਸਫਲਤਾਪੂਰਵਕ ਜਮ੍ਹਾਂ ਕਰਵਾ ਦਿੱਤਾ ਗਿਆ ਹੈ। ਇਹ ਪ੍ਰਕਿਰਿਆ ਹੁਣ ਅਸਟੇਟ ਦਫਤਰ ਵੱਲੋਂ ਨਿਯਮਾਂ ਅਨੁਸਾਰ ਅਗਲੇ ਪੜਾਅ ਵਿੱਚ ਅੱਗੇ ਵਧ ਰਹੀ ਹੈ। ਇਸਦੇ ਨਾਲ ਹੀ, ਐਸ.ਡੀ.ਐਮ. (ਈਸਟ), ਚੰਡੀਗੜ੍ਹ ਦੇ ਦਫਤਰ ਵਿੱਚ ਚੱਲ ਰਹੇ ਕੇਸ ਦੀ ਅਗਲੀ ਸੁਣਵਾਈ 8 ਜੂਨ 2026 ਲਈ ਨਿਰਧਾਰਿਤ ਕੀਤੀ ਗਈ ਹੈ। ਫਾਊਂਡੇਸ਼ਨ ਵੱਲੋਂ ਇਸ ਮਾਮਲੇ ਨੂੰ ਪੂਰੀ ਗੰਭੀਰਤਾ ਅਤੇ ਜ਼ਿੰਮੇਵਾਰੀ ਨਾਲ ਫਾਲੋ ਕੀਤਾ ਜਾ ਰਿਹਾ ਹੈ। ਦੋਵੇਂ ਮਾਮਲੇ ਸੰਸਥਾ ਲਈ ਵਿਸ਼ੇਸ਼ ਮਹੱਤਵ ਰੱਖਦੇ ਹਨ ਅਤੇ ਉਮੀਦ ਹੈ ਕਿ ਨਜ਼ਦੀਕੀ ਭਵਿੱਖ ਵਿੱਚ ਸਕਾਰਾਤਮਕ ਪ੍ਰਗਤੀ ਸਾਹਮਣੇ ਆਵੇਗੀ। ਸੰਗਤ ਨੂੰ ਹਰ ਨਵੀਂ ਤਰੱਕੀ ਬਾਰੇ ਸਮੇਂ-ਸਮੇਂ 'ਤੇ ਅਪਡੇਟ ਕੀਤਾ ਜਾਂਦਾ ਰਹੇਗਾ।

6. ਮੈਰਿਟ ਕਮ ਮੀਨਜ਼ ਸਕਾਲਰਸ਼ਿਪ - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.), ਚੰਡੀਗੜ੍ਹ ਵਲੋਂ ਮੈਰਿਟ ਕਮ ਮੀਨਜ਼ ਸਕਾਲਰਸ਼ਿਪ ਸਕੀਮ ਦੇ ਅਧੀਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰਨ ਲਈ ਇਸ ਸਾਲ ਦੇ ਸਕਾਲਰਸ਼ਿਪ ਫ਼ਾਰਮ ਜਮਾਂ ਕਰਾਉਣ ਦੀ ਨਿਰਧਾਰਿਤ ਮਿਤੀ 15.02.2026 ਤੋਂ ਵਧਾ ਕੇ 15.03.2026 ਕਰ ਦਿੱਤੀ ਗਈ ਸੀ। ਇਸ ਸਕੀਮ ਦੇ ਅਧੀਨ ਕਈ ਹੋਣਹਾਰ ਅਤੇ ਜ਼ਰੂਰਤਮੰਦ ਵਿਦਿਆਰਥੀਆਂ ਵਲੋਂ ਲਗਭਗ 50 ਤੋਂ ਵੱਧ ਫਾਰਮ ਪ੍ਰਾਪਤ ਹੋਏ ਸਨ । ਇਸ ਕਮੇਟੀ ਦੀ ਕੁਸ਼ਲ ਜਾਂਚ ਵਿੱਚ ਕਨਵੀਨਰ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਸੀਨੀ. ਵਾਈਸ ਪ੍ਰਧਾਨ (ਹੈ.ਕੁ.), ਅਤੇ ਕੋ-ਕਨਵੀਨਰ ਕਰਨਲ ਗੁਰਦੀਪ ਸਿੰਘ, ਵਾਈਸ ਪ੍ਰਧਾਨ (ਹੈ. ਕੁ.), ਅਤੇ ਨਾਲ ਹੀ ਕਮੇਟੀ ਦੇ ਹੋਰ ਮੈਂਬਰ ਸ਼ਾਮਲ ਹਨ। ਫਾਰਮਾਂ ਦੀ ਬੜੇ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਅਤੇ ਦਸਤਾਵੇਜ਼ਾਂ ਦੀ ਚੰਗੀ ਤਰ੍ਹਾਂ ਘੋਖ ਕੀਤੀ ਗਈ ਹੈ। ਇਸ ਦੌਰਾਨ 16 ਵਿਦਿਆਰਥੀਆਂ ਨੂੰ ਅਪ੍ਰੈਲ 2026 ਦੇ ਪਹਿਲੇ ਹਫ਼ਤੇ ਵਿੱਚ ਸਕਾਲਰਸ਼ਿਪ ਦੀ ਬਣਦੀ ਰਾਸ਼ੀ ਉਹਨਾਂ ਦੇ ਬੈਂਕ ਖਾਤਿਆਂ ਵਿਚ ਅਦਾ ਕਰ ਦਿੱਤੀ ਗਈ ਸੀ ਅਤੇ ਬਾਕੀ ਫਾਰਮਾਂ ਨੂੰ ਵੀ ਬਹੁਤ ਧਿਆਨ ਨਾਲ ਦਸਤਾਵੇਜ਼ਾਂ ਦੇ ਸੰਪੂਰਨ ਹੋਣ ਉਪਰੰਤ 12 ਵਿਦਿਆਰਥੀਆਂ ਨੂੰ 16 ਅਪ੍ਰੈਲ 2026 ਨੂੰ ਅਦਾ ਕੀਤੀ ਗਈ । ਹੁਣ ਤੱਕ ਕੁੱਲ 28 ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਰਾਸ਼ੀ ਅਦਾ ਕੀਤੀ ਜਾ ਚੁੱਕੀ ਹੈ । ਬਾਕੀ ਆਏ ਹੋਏ ਹੋਰ ਫ਼ਾਰਮਾਂ ਦੀ ਵੀ ਘੋਖ ਅਤੇ ਦਸਤਾਵੇਜ਼ਾਂ ਦੀ ਸੰਪੂਰਨਤਾ ਉਪਰੰਤ ਸਕਾਲਰਸ਼ਿਪ ਦੀ ਬਣਦੀ ਰਾਸ਼ੀ ਦੀ ਅਦਾਇਗੀ ਕਰਨ ਦਾ ਇਹ ਕੰਮ ਆਪਣੇ ਸਮੇਂ ਅਨੁਸਾਰ ਸੰਪੂਰਨ ਕਰ ਲਿਆ ਜਾਵੇਗਾ। ਇਸ ਤੋ ਅਲਾਵਾ ਐਜੂਕੇਸ਼ਨ ਕਮੇਟੀ ਦੇ ਸ. ਗਿਆਨ ਸਿੰਘ ਮੁਲਤਾਨੀ ਸਕੀਮ ਦੇ ਅਧੀਨ 03 ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਕਾਲਜ ਫ਼ੀਸ ਦੀ ਅਦਾਇਗੀ ਵੀ ਕੀਤੀ ਗਈ ਅਤੇ ਲੁਬਾਣਾ ਭਵਨ ਵਲੋਂ ਫ਼ੀਸ ਸਿੱਧਾ ਕਾਲਜ ਦੇ ਖਾਤੇ ਵਿੱਚ ਜਮਾ ਕਰਾ ਦਿੱਤੀ ਗਈ ਹੈ ।

7. ਭਵਨ ਵਿੱਚ ਕੀਤੇ ਕੰਮਾਂ ਬਾਰੇ ਜਾਣਕਾਰੀ - ਬਾਬਾ ਮੱਖਣ ਸਾਹ ਲੁਬਾਣਾ ਫਾਉਂਡੇਸ਼ਨ, ਸੈਕਟਰ 30-ਏ, ਚੰਡੀਗੜ੍ਹ ਵੱਲੋਂ ਅਪ੍ਰੈਲ ਮਹੀਨੇ ਦੌਰਾਨ ਲੁਬਾਣਾ ਭਵਨ ਦੀ ਸੁੰਦਰਤਾ, ਸੁਰੱਖਿਆ ਅਤੇ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ ਲਈ ਕਈ ਮਹੱਤਵਪੂਰਨ ਅਤੇ ਸ਼ਲਾਘਾਯੋਗ ਕੰਮ ਸੰਪੰਨ ਕੀਤੇ ਗਏ।

(ੳ) ਸੰਗਤ ਅਤੇ ਆਉਣ ਵਾਲੇ ਮਹਿਮਾਨਾਂ ਦੀ ਜਾਗਰੂਕਤਾ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਲੁਬਾਣਾ ਭਵਨ ਦੇ ਵੱਖ-ਵੱਖ ਸਥਾਨਾਂ 'ਤੇ ਵਾਰਨਿੰਗ ਅਤੇ ਸੁਰੱਖਿਆ ਸੰਬੰਧੀ ਸੰਦੇਸ਼ਾਂ ਵਾਲੇ ਪੋਸਟਰ ਲਗਾਏ ਗਏ।

(ਅ) ਗੁਰੂ ਘਰ ਦੀ ਪਵਿੱਤਰਤਾ ਅਤੇ ਸੁਰੱਖਿਆ ਨੂੰ ਪ੍ਰਥਮਤਾ ਦਿੰਦਿਆਂ ਗੁਰੂਦੁਆਰਾ ਸਾਹਿਬ ਦੇ ਮੁੱਖ ਦੁਆਰ ਅਤੇ ਪੌੜੀਆਂ ਹੇਠਾਂ ਦੋ ਨਵੇਂ ਮਜਬੂਤ ਸਟੀਲ ਗੇਟ ਸਥਾਪਿਤ ਕੀਤੇ ਗਏ, ਜਿਸ ਨਾਲ ਸੁਰੱਖਿਆ ਪ੍ਰਬੰਧ ਹੋਰ ਮਜਬੂਤ ਅਤੇ ਸੁਚੱਜੇ ਬਣੇ ਹਨ।

(ਏ) ਲੁਬਾਣਾ ਭਵਨ ਦੇ ਮੇਨ ਆਡੀਟੋਰਿਅਮ ਦੀ ਸਟੇਜ ਦੇ ਦੋਵੇਂ ਪਾਸਿਆਂ ਉੱਚ-ਗੁਣਵੱਤਾ ਵਾਲੀ ਸਟੀਲ ਰੇਲਿੰਗ ਲਗਾਈ ਗਈ ਅਤੇ ਮੇਨ ਹਾਲ ਦੇ ਮੁੱਖ ਦੁਆਰ 'ਤੇ ਤਿੰਨ ਨਵੀਆਂ ਰੇਲਿੰਗਾਂ ਫਿੱਟ ਕਰਵਾਈਆਂ ਗਈਆਂ, ਜਿਸ ਨਾਲ ਸੁਰੱਖਿਆ ਦੇ ਨਾਲ-ਨਾਲ ਭਵਨ ਦੀ ਦਿੱਖ ਵਿੱਚ ਵੀ ਨਿਖਾਰ ਆਇਆ ਹੈ।

(ਸ) ਦਫਤਰ ਦੇ ਬਾਹਰੀ ਹਿੱਸੇ ਵਿੱਚ ਵੀ ਇਕ ਨਵੀਂ ਰੇਲਿੰਗ ਲਗਾਈ ਗਈ, ਜਿਸ ਨਾਲ ਸੁਵਿਧਾ ਅਤੇ ਭਵਨ ਦੀ ਸੁੰਦਰਤਾ ਵਿੱਚ ਹੋਰ ਵਾਧਾ ਹੋਇਆ ਹੈ।

ਇਨ੍ਹਾਂ ਕਾਰਜਾਂ ਰਾਹੀਂ ਫਾਉਂਡੇਸ਼ਨ ਵੱਲੋਂ ਲੁਬਾਣਾ ਭਵਨ ਨੂੰ ਇੱਕ ਸੁਰੱਖਿਅਤ, ਸੁਚੱਜਾ ਅਤੇ ਆਧੁਨਿਕ ਧਾਰਮਿਕ-ਸਮਾਜਿਕ ਕੇਂਦਰ ਵਜੋਂ ਵਿਕਸਿਤ ਕਰਨ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ।

● ● ●

ਮੌਕੇ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ, ਸਗੋਂ ਉਸ ਨੂੰ ਲੱਭਣਾ ਚਾਹੀਦਾ ਹੈ।

ਆਓ ਜਾਣੀਏ !

ਭਾਈ ਜੋਧ ਸਿੰਘ (1882-1981)

ਭਾਈ ਜੋਧ ਸਿੰਘ ਇਕ ਉੱਚ ਦਰਜੇ ਦੇ ਸਿੱਖ ਧਰਮ ਦੇ ਵਿਦਵਾਨ, ਲੇਖਕ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬਾਨੀ ਵਾਈਸ ਚਾਂਸਲਰ ਸਨ, ਉਨ੍ਹਾਂ ਨੇ ਨਾ ਕੇਵਲ ਸਿੱਖ ਸਾਹਿਤ, ਇਤਿਹਾਸ ਅਤੇ ਪੰਜਾਬੀ ਸਾਹਿਤ ਨੂੰ ਹੀ ਵਡਮੁੱਲੀ ਦੇਣ ਦਿੱਤੀ ਸਗੋਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸੰਸਥਾਪਕ ਵਜੋਂ ਵੀ ਵਾਂਗਡੋਰ ਸੰਭਾਲ ਕੇ ਪੰਜਾਬੀ ਸਾਹਿਤ ਅਤੇ ਲਿਖਾਰੀਆਂ ਦੀ ਸੁਯੋਗ ਅਗਵਾਈ ਕੀਤੀ। ਭਾਈ ਸਾਹਿਬ ਨੂੰ ਸਮੇਂ-ਸਮੇਂ 'ਤੇ 'ਸਰਦਾਰ ਬਹਾਦਰ', 'ਪਦਮ ਭੂਸ਼ਣ' ਅਤੇ 'ਡੀ ਲਿਟ' ਵਰਗੀਆਂ ਉੱਚ ਉਪਾਧੀਆਂ ਪ੍ਰਾਪਤ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ।

ਜ਼ਹੀਨ ਬੁੱਧੀ ਵਾਲੇ ਬਾਲਕ ਜੋਧ ਸਿੰਘ ਦੀ ਪੈਦਾਇਸ਼ 1882 'ਚ ਰਾਵਲਪਿੰਡੀ ਜ਼ਿਲ੍ਹੇ ਦੇ ਪਿੰਡ ਘੁੰਗਰੀਲਾ ਵਿਖੇ ਮਾਤਾ ਗੁਲਾਬ ਦੇਵੀ ਦੀ ਕੁੱਖੋਂ ਹੋਈ। ਉਨ੍ਹਾਂ ਦਾ ਬਚਪਨ ਦਾ ਨਾਂ ਸੰਤ ਸਿੰਘ ਸੀ। ਛੋਟੀ ਉਮਰ ਵਿਚ ਹੀ ਪਿਤਾ ਦਾ ਦੇਹਾਂਤ ਹੋਣ ਕਾਰਨ ਉਨ੍ਹਾਂ ਨੂੰ ਕੁਝ ਮੁਸ਼ਕਿਲਾਂ ਵਿੱਚੋਂ ਵੀ ਲੰਘਣਾ ਪਿਆ। ਘਰ ਦਾ ਵਾਤਾਵਰਨ ਗੁਰਮਤਿ ਵਿਚਾਰਧਾਰਾ ਵਾਲਾ ਹੋਣ ਕਾਰਨ ਉਨ੍ਹਾਂ ਨੇ ਆਪਣੇ ਵਿਦਿਆਰਥੀ ਜੀਵਨ ਵਿਚ ਹੀ ਸਿੱਖ ਧਰਮ ਦੀ ਪ੍ਰਸਿੱਧ ਸਖ਼ਸ਼ੀਅਤ ਗਿਆਨੀ ਠਾਕੁਰ ਸਿੰਘ ਹੁਰਾਂ ਕੋਲੋਂ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ। ਉਨ੍ਹਾਂ ਨੇ ਸਮੇਂ-ਸਮੇਂ 'ਤੇ ਲਾਹੌਰ ਅਤੇ ਅੰਮ੍ਰਿਤਸਰ ਦੇ ਵੱਖ-ਵੱਖ ਕਾਲਜਾਂ ਅਤੇ ਪੰਜਾਬ ਯੂਨੀਵਰਸਿਟੀ ਦੀਆਂ ਉੱਚ ਪ੍ਰੀਖਿਆਵਾਂ ਵਿੱਚੋਂ ਫਸਟ ਕਲਾਸ ਫਸਟ ਰਹਿ ਕੇ ਗੋਲਡ ਮੈਡਲ ਹਾਸਲ ਕੀਤੇ।

ਗਣਿਤ ਅਤੇ ਧਾਰਮਿਕ ਸਿੱਖਿਆ ਦੇ ਵਿਸ਼ਿਆਂ ਵਿਚ ਉਨ੍ਹਾਂ ਨੂੰ ਵਿਸ਼ੇਸ਼ੱਗਤਾ ਹਾਸਲ ਸੀ। ਉਨ੍ਹਾਂ ਨੇ ਆਪਣੇ ਵਿਦਿਆਰਥੀ ਜੀਵਨ ਵਿਚ ਹੀ ਧਾਰਮਿਕ ਗ੍ਰੰਥਾਂ ਦਾ ਵੀ ਡੂੰਘਾ ਅਧਿਐਨ ਕੀਤਾ। ਇਸ ਅਧਿਐਨ ਨੇ ਭਾਈ ਸਾਹਿਬ ਦੇ ਮਨ ਵਿਚ ਵੀ ਪੰਜਾਬੀ ਸਾਹਿਤ ਅਤੇ ਸਿੱਖ ਸਾਹਿਤ ਨਾਲ ਸਬੰਧਤ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਪੁਸਤਕਾਂ ਦੀ ਮੌਲਿਕ ਸਿਰਜਣਾ ਕੀਤੀ। ਉਨ੍ਹਾਂ ਕਈ ਮਹੱਤਵਪੂਰਨ ਧਾਰਮਿਕ ਪੁਸਤਕਾਂ ਦੇ ਅੰਗਰੇਜ਼ੀ ਅਨੁਵਾਦ ਵੀ ਕੀਤੇ। ਉਨ੍ਹਾਂ ਦੁਆਰਾ ਰਚਿਤ ਕੁਝ ਪ੍ਰਸਿੱਧ ਪੰਜਾਬੀ ਪੁਸਤਕਾਂ ਵਿਚ 'ਜਥੇਬੰਦੀ', 'ਗੁਰੂ ਸਾਹਿਬ ਅਤੇ ਵੇਦ' 'ਸਿੱਖੀ ਕੀ ਹੈ?' 'ਪ੍ਰਾਚੀਨ ਬੀੜਾਂ ਬਾਰੇ ਭੁੱਲਾਂ ਦੀ ਸੋਧ', 'ਪੰਜਾਬ ਦੀ ਬੋਲੀ' ਆਦਿ ਹਨ। ਉਨ੍ਹਾਂ ਦੀਆਂ ਅੰਗਰੇਜ਼ੀ ਪੁਸਤਕਾਂ ਵਿਚ 'ਲਾਈਫ਼ ਆਫ਼ ਸ੍ਰੀ ਗੁਰੂ ਅਮਰਦਾਸ ਜੀ', 'ਏ ਪੇਪਰ ਆਨ ਸਿੱਖਇਜ਼ਮ', 'ਕਾਸਟ ਐਂਡ ਅਨਟਚੇਬਿਲਟੀ ਇਨ ਸਿੱਖਇਜ਼ਮ' ਅਤੇ 'ਕਬੀਰ' ਆਦਿ ਸ਼ਾਮਲ ਹਨ। ਉਨ੍ਹਾਂ ਦੀ ਸਿੱਖ ਧਰਮ ਬਾਰੇ 'ਗੁਰਮਤ ਨਿਰਣੈ' ਬਹੁਤ ਹੀ ਪ੍ਰਸਿੱਧ ਹੈ। ਉਨ੍ਹਾਂ ਦਾ ਯਾਦਗਾਰੀ ਕੰਮਾਂ ਵਿਚ ਪ੍ਰੋਫੈਸਰ ਗੁਰਬਚਨ ਸਿੰਘ ਤਾਲਿਬ ਵੱਲੋਂ ਤਿਆਰ ਕੀਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੇ ਅੰਗਰੇਜ਼ੀ ਅਨੁਵਾਦ ਦੀ ਸੋਧ ਸੁਧਾਈ ਸੀ।



ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524



ਉਹ ਕੁਝ ਸਮਾਂ ਖ਼ਾਲਸਾ ਹਾਈ ਸਕੂਲ ਅੰਮ੍ਰਿਤਸਰ ਦੇ ਹੈੱਡਮਾਸਟਰ ਅਤੇ ਗੁਰੂ ਨਾਨਕ ਖ਼ਾਲਸਾ ਕਾਲਜ ਗੁੱਜਰਾਂਵਾਲਾ ਪਾਕਿਸਤਾਨ ਦੇ ਪ੍ਰਿੰਸੀਪਲ ਵੀ ਰਹੇ। ਗੁੱਜਰਾਂਵਾਲਾ ਦੇ ਕਾਲਜ ਵਿਚ ਉਨ੍ਹਾਂ ਦੀਆਂ ਯਾਦਗਾਰੀ ਤਸਵੀਰਾਂ ਅਤੇ ਯਾਦਾਂ ਅੱਜ ਵੀ ਮੌਜੂਦ ਹਨ।

ਭਾਈ ਜੋਧ ਸਿੰਘ 1936 'ਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਨਿਯੁਕਤ ਹੋਏ ਅਤੇ ਸੱਤਰ ਸਾਲ ਦੀ ਉਮਰ ਵਿਚ ਸੇਵਾਮੁਕਤ ਹੋਏ। ਦੇਸ਼ ਵੰਡ ਦੇ ਡੇਢ ਦਹਾਕੇ ਬਾਅਦ ਜਦੋਂ ਪਟਿਆਲਾ ਵਿਖੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਹੋਈ ਤਾਂ ਭਾਈ ਜੋਧ ਸਿੰਘ ਨੂੰ 80 ਸਾਲ ਦੀ ਉਮਰ 'ਚ ਇਸ ਉੱਚ ਅਕਾਦਮਿਕ ਵਿਦਿਅਕ ਅਦਾਰੇ ਦਾ ਵਾਈਸ ਚਾਂਸਲਰ ਨਿਯੁਕਤ ਕੀਤਾ ਗਿਆ ਜਿੱਥੇ ਉਹ 1962 ਤੋਂ 1965 ਤੱਕ ਕਾਰਜਸ਼ੀਲ ਰਹੇ। ਲੁਧਿਆਣਾ ਵਿਖੇ ਉਨ੍ਹਾਂ ਨੇ ਪੰਜਾਬੀ ਅਕਾਦਮੀ ਦੇ ਪ੍ਰਧਾਨ ਦੀ ਹੈਸੀਅਤ ਵਿਚ ਪੰਜਾਬੀ ਸਾਹਿਤ ਅਤੇ ਭਾਸ਼ਾ ਬਾਰੇ ਵਡਮੁੱਲਾ ਖੋਜ ਸਾਹਿਤ ਹੀ ਪ੍ਰਕਾਸ਼ਿਤ ਨਹੀਂ ਕੀਤਾ ਸਗੋਂ ਆਪਣੀ ਪ੍ਰੇਰਨਾ ਨਾਲ ਉੱਚਕੋਟੀ ਦੇ ਪੰਜਾਬੀ ਲਿਖਾਰੀਆਂ ਕੋਲੋਂ ਮੁੱਲਵਾਨ ਮੌਲਿਕ ਸਾਹਿਤ ਵੀ ਲਿਖਵਾਇਆ। ਇਸ ਮਹਾਨ ਸਖ਼ਸ਼ੀਅਤ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਖੇਤਰ ਵਿਚ ਜੋ ਪੈੜਾਂ ਪਾਈਆਂ ਹਨ, ਉਹ ਅਮਿੱਟ ਹਨ।

ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ।।

ਪੰਜਾਬ ਦੀਆਂ ਅਲੋਪ ਹੋ ਰਹੀਆਂ ਖੇਡਾਂ

ਖੇਡਾਂ ਅਤੇ ਜੀਵਨ : ਖੇਡਾਂ ਮਨੁੱਖੀ ਸਰੀਰ ਨੂੰ ਤਾਕਤ ਅਤੇ ਰੂਹ ਨੂੰ ਖੇੜਾ ਦਿੰਦੀਆਂ ਹਨ। ਖੇਡਣਾ ਮਨੁੱਖ ਦੀ ਆਰੰਭਕ ਰੁੱਚੀ ਹੈ। ਖੇਡਾਂ ਪੰਜਾਬੀ ਜੀਵਨ ਦਾ ਇਕ ਅਨਿੱਖੜਵਾਂ ਅੰਗ ਹਨ। ਪੰਜਾਬ ਦੀਆਂ ਖੇਡਾਂ ਬੱਚਿਆਂ ਅਤੇ ਬੁੱਢਿਆਂ ਦੋਹਾਂ ਲਈ ਹੁੰਦੀਆਂ ਹਨ। ਬੱਚਿਆਂ ਦੀ ਲੁਕਣ-ਮੀਚੀ ਤੋਂ ਸ਼ੁਰੂ ਹੋ ਕੇ ਗੱਭਰੂਆਂ ਦੀ ਸੌਂਚੀ ਪੱਕੀ ਅਤੇ ਕਬੱਡੀ ਤੱਕ ਅਨੇਕਾਂ ਖੇਡਾਂ ਪੰਜਾਬ ਦੇ ਪਿੰਡਾਂ ਵਿਚ ਖੇਡੀਆਂ ਜਾਂਦੀਆਂ ਹਨ। ਬੁੱਢੇ-ਠੇਰੇ ਬਾਰਾਂ-ਠੀਕਰੀ, ਬਾਰਾਂ ਟਾਹਣੀ, ਸਤਰੰਜ, ਤਾਸ, ਚੌਪਟ, ਥੋੜਾ ਖੂਹ ਅਤੇ ਅੱਡਾ ਖੱਡਾ ਤੋਂ ਆਨੰਦ ਪ੍ਰਾਪਤ ਕਰਦੇ ਹਨ।

ਕਬੱਡੀ : ਕਬੱਡੀ ਪੰਜਾਬ ਦੀ ਸਭ ਤੋਂ ਮਹੱਤਵਪੂਰਨ ਲੋਕ-ਖੇਡ ਹੈ। ਪੰਜਾਬ ਦਾ ਕੋਈ ਅਜਿਹਾ ਵਿਅਕਤੀ ਨਹੀਂ, ਜਿਸ ਨੇ ਆਪਣੇ ਜੀਵਨ ਵਿਚ ਕਦੇ ਕਬੱਡੀ ਨਾ ਖੇਡੀ ਹੋਵੇ। ਇਹ ਖੇਡ ਪੰਜਾਬੀ ਸੱਭਿਆਚਾਰ ਦਾ ਅੰਗ ਹੈ। ਇਸ ਵਿਚ ਦੋ ਟੀਮਾਂ ਇਕ ਦਾਇਰਾ ਬਣਾ ਕੇ ਖੇਡਦੀਆਂ ਹਨ। ਇਕ ਟੀਮ ਦਾ ਇਕ ਖਿਡਾਰੀ 'ਕਬੱਡੀ-ਕਬੱਡੀ' ਕਰਦਾ ਦੂਜੀ ਧਿਰ ਉੱਪਰ ਧਾਵਾ ਬੋਲ ਕੇ ਕਿਸੇ ਇਕ ਖਿਡਾਰੀ ਨੂੰ ਹੱਥ ਲਾ ਕੇ ਇਕੋ ਦਮ ਵਿਚ ਵਾਪਸ ਮੁੜ ਕੇ ਨੰਬਰ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਇਸ ਯਤਨ ਵਿਚ ਜੇਕਰ ਉਸਨੂੰ ਦੂਜੀ ਧਿਰ ਦਾ ਕੋਈ ਖਿਡਾਰੀ ਫੜ ਕੇ ਆਪਣੀ ਧਿਰ ਵੱਲ ਵਾਪਸ ਨਾ ਪਰਤਣ ਦੇਵੇ ਅਤੇ ਉਹਦਾ ਦਮ ਟੁੱਟ ਜਾਵੇ ਤਾਂ ਉਹ ਨੰਬਰ ਦੂਜੀ ਧਿਰ ਨੂੰ ਮਿਲ ਜਾਂਦਾ ਹੈ। ਇਸ ਖੇਡ ਵਿਚ ਦਮ ਦੀ ਪਕਿਆਈ, ਕੁਸਤੀ, ਦੌੜ, ਪਕੜਾਂ ਆਦਿ ਸਭ ਕੁਝ ਸ਼ਾਮਿਲ ਹਨ। ਇਸ ਨੂੰ ਤੱਕੜੇ ਜੁੱਸਿਆਂ ਵਾਲੇ ਪੰਜਾਬੀ ਹੀ ਖੇਡ ਸਕਦੇ ਹਨ।

ਸੌਂਚੀ ਪੱਕੀ : ਇਹ ਮਾਲਵੇ ਦੀ ਖੇਡ ਹੈ। ਇਸ ਵਿਚ ਇਕ ਪਾਸੇ ਦਾ ਖਿਡਾਰੀ ਦੂਜੇ ਪਾਸੇ ਵਿਚ ਜਾ ਕੇ ਖਿਡਾਰੀ ਦੀ ਛਾਤੀ ਵਿਚ ਧੱਫੇ ਮਾਰਦਾ ਹੋਇਆ ਉਸ ਨੂੰ ਪਿਛਾਂਹ ਧੱਕਦਾ ਹੈ ਅਤੇ ਦੂਜਾ ਉਸਦੀ ਬਾਂਹ ਫੜਦਾ ਹੈ। ਜਾਣ ਵਾਲਾ ਆਪਣੀ ਬਾਂਹ ਛੁਡਾਉਂਦਾ ਹੈ। ਇਸ ਤਰਾਂ ਇਸ ਵਿਚ ਖਿਡਾਰੀ ਦੀ ਤਾਕਤ ਦੀ ਪ੍ਰੀਖਿਆ ਹੁੰਦੀ ਹੈ।

ਲੂਣ ਅਤੇ ਲੱਲੋ : ਇਸ ਖੇਡ ਵਿਚ ਖਿਡਾਰੀ ਜ਼ਮੀਨ ਵਿਚ ਖੱਤੀਆਂ ਕੱਢ ਕੇ ਆਪਣੇ ਮੁੰਡਿਆਂ ਸਮੇਤ ਉਹਨਾਂ ਕੋਲ ਖੜ੍ਹੇ ਹੋ ਜਾਂਦੇ ਹਨ। ਇਕ ਖਿਡਾਰੀ ਖਿੱਦੋ ਨੂੰ ਖੁੱਡਾ ਮਾਰਦਾ ਹੈ। ਵਾਰੀ ਜਾਂ ਮੀਟੀ ਵਾਲਾ ਉਸ ਨੂੰ ਨੱਸ ਕੇ ਫੜਦਾ ਹੈ ਅਤੇ ਨੇੜੇ ਦੇ ਖਿਡਾਰੀ ਦੇ ਮਾਰਦਾ ਹੈ। ਜੇਕਰ ਖਿੱਦੋ ਖਿਡਾਰੀ ਦੇ ਲੱਗ ਜਾਵੇ, ਤਾਂ ਦਾਈ ਉਸ ਦੇ ਸਿਰ ਆ ਜਾਂਦੀ ਹੈ ਅਤੇ ਪਹਿਲਾ ਦਾਈ ਵਾਲਾ ਮੁੰਡਾ ਲੈ ਕੇ ਖੁੱਤੀ ਦੀ ਰੱਖਿਆ ਕਰਦਾ ਹੈ। ਜੇਕਰ ਦਾਈ ਵਾਲਾ ਕਿਸੇ ਖਿਡਾਰੀ ਦਾ ਲੱਲਾ ਮੱਲ ਲਵੇ, ਤਾਂ ਵੀ ਦਾਈ ਅਗਲੇ ਦੇ ਸਿਰ ਆ ਜਾਂਦੀ ਹੈ। ਇਸੇ ਪ੍ਰਕਾਰ ਹੀ 'ਖਿੱਦੋਖੰਡੀ' ਹਾਕੀ ਵਰਗੀ ਇਕ ਰੌਚਕ ਖੇਡ ਹੈ।

ਡੰਡ ਪਲਾਂਡੜਾ : ਇਹ ਗਰਮੀਆਂ ਦੇ ਮੌਸਮ ਵਿਚ ਦੁਪਹਿਰ ਦੇ ਸਮੇਂ ਛੱਪੜਾਂ ਦੇ ਕੰਢੇ ਬੋਹੜ ਦੇ ਰੁੱਖਾਂ ਉੱਤੇ ਖੇਡੀ ਜਾਂਦੀ ਹੈ। ਖਿਡਾਰੀ ਇਕ ਵੱਡੇ ਦਰੱਖਤ ਉੱਤੇ ਚੜ੍ਹ ਜਾਂਦੇ ਹਨ। ਇਸ ਦਰੱਖਤ ਹੇਠਾਂ ਇਕ ਗੋਲ ਦਾਇਰਾ ਵਾਹ ਕੇ ਉਸ ਵਿਚ ਇਕ ਡੰਡਾ ਰੱਖ ਦਿੱਤਾ ਜਾਂਦਾ ਹੈ। ਇਕ ਖਿਡਾਰੀ ਡੰਡਾ ਲੱਤ ਹੇਠਾਂ ਘੁਮਾ ਕੇ ਦੂਰ ਸੁੱਟਦਾ ਹੈ ਤੇ ਫਿਰ ਉਹ ਦਰੱਖਤ ਉੱਪਰ ਚੜ੍ਹ ਜਾਂਦਾ ਹੈ। ਵਾਰੀ ਵਾਲਾ ਖਿਡਾਰੀ ਡੰਡਾ ਚੁੱਕ ਕੇ ਦਾਇਰੇ ਵਿਚ ਲਿਆ ਕੇ ਰੱਖਦਾ ਹੈ ਤੇ ਫਿਰ ਰੁੱਖ ਉੱਤੇ ਕਿਸੀ ਖਿਡਾਰੀ ਨੂੰ ਛੁਹਣ ਲਈ ਚੜ੍ਹਦਾ ਹੈ। ਖਿਡਾਰੀ ਰੁੱਖ ਦੀਆਂ ਟਾਹਣਾਂ ਤੋਂ ਲਮਕ ਕੇ ਹੇਠਾਂ ਛਾਲਾਂ ਮਾਰਦੇ ਹਨ ਤੇ ਨੱਸ ਕੇ ਡੰਡਾ ਚੁੱਕ ਕੇ ਚੁੰਮਦੇ ਹਨ। ਜਿਸ ਖਿਡਾਰੀ ਨੂੰ ਵਾਰੀ ਵਾਲਾ ਹੱਥ ਲਾ ਦੇਵੇ, ਵਾਰੀ ਮੁੜ ਕੇ ਉਸ ਦੇ ਸਿਰ ਆ ਜਾਂਦੀ ਹੈ।

ਲੂਣ ਮਿਆਣੀ : ਇਹ ਗੱਭਰੂਆਂ ਦੀ ਇਕ ਹੋਰ ਮਜ਼ੇਦਾਰ ਖੇਡ ਹੈ। ਇਸ ਲਈ ਬੱਚੇ ਛੋਟਾ, ਪਰ ਗੱਭਰੂ ਵੱਡਾ ਮੈਦਾਨ ਤਿਆਰ ਕਰਦੇ ਹਨ। ਜ਼ਮੀਨ ਉੱਤੇ ਇਕ ਸੋਟੀ ਨਾਲ ਲੀਕ ਵਾਹ ਕੇ ਦੱਸ ਬਾਰਾਂ ਕਦਮਾਂ ਦੀ ਇਕ ਵਰਗਾਕਾਰ ਸ਼ਕਲ ਬਣਾ ਲਈ ਜਾਂਦੀ ਹੈ। ਇਸ ਦੇ ਅੰਦਰ ਚਾਰੇ ਪਾਸੇ ਦੋ ਕਦਮ ਚੌੜੀ ਸੜਕ ਬਣਾ ਲਈ ਜਾਂਦੀ ਹੈ ਅਤੇ ਫਿਰ ਮੈਦਾਨ ਨੂੰ ਦੋ ਕੁ ਕਦਮ ਚੌੜੀਆਂ ਸੜਕਾਂ ਨਾਲ ਵੰਡ ਦਿੱਤਾ ਜਾਂਦਾ ਹੈ। ਇਸ ਸੜਕ ਦੇ ਚੁਰੱਸਤੇ ਵਿਚ ਮਿੱਟੀ ਦੀ ਢੇਰੀ ਲਾ ਦਿੰਦੇ ਹਨ, ਜਿਸ ਨੂੰ ਲੂਣ ਦੀ ਢੇਰੀ ਕਿਹਾ ਜਾਂਦਾ ਹੈ। ਪੁੱਗਣ ਮਗਰੋਂ, ਜਿਸ ਖਿਡਾਰੀ ਸਿਰ ਵਾਰੀ ਆ ਜਾਵੇ, ਉਹ ਲੂਣ ਦੀ ਰੱਖਿਆ ਕਰਦਾ ਹੈ। ਇਕ ਖਿਡਾਰੀ ਉਸ ਦੇ ਹੱਥ ਉੱਤੇ ਹੱਥ ਮਾਰ ਕੇ ਭੱਜਦਾ ਹੈ ਤੇ ਉਹ ਸੜਕਾਂ ਵਿਚ ਖਿੰਡੇ ਖਿਡਾਰੀਆਂ ਨੂੰ ਛੂਹਣ ਲਈ ਨੱਸਦਾ ਹੈ ਅਤੇ ਖਿਡਾਰੀ ਲੂਣ ਚੁੱਕ ਕੇ ਸੜਕ ਪਾਰ ਬਣੇ ਸੰਦੂਕ ਨੂੰ ਛੜੱਪਾ ਮਾਰ ਕੇ ਟੱਪਦੇ ਹਨ। ਜਿਹੜਾ ਖਿਡਾਰੀ ਸੜਕ ਦੇ ਅੰਦਰ ਬਣੇ ਵਰਗਾਕਾਰ ਹਿੱਸੇ ਵਿਚ ਆਪਣਾ ਪੈਰ ਰੱਖ

ਦੇਵੇ, ਉਸ ਨੂੰ 'ਮਰਿਆ' ਕਿਹਾ ਜਾਂਦਾ ਹੈ। ਇਸ ਮਰੇ ਖਿਡਾਰੀ ਨੂੰ 'ਮਦੀਨ' ਕਹਿੰਦੇ ਹਨ। ਜਿਹੜੇ ਸੰਦੂਕ ਪਾਰ ਕਰ ਜਾਂਦੇ ਹਨ, ਉਹਨਾਂ ਨੂੰ 'ਨਰ' ਕਿਹਾ ਜਾਂਦਾ ਹੈ। ਜਦੋਂ ਸਾਰੇ ਖਿਡਾਰੀ ਮੁੱਕ ਜਾਂਦੇ ਹਨ, ਤਾਂ 'ਨਰ' ਬਣੇ ਖਿਡਾਰੀ ਕੁਝ ਦੂਰ ਖੜ੍ਹੇ 'ਮਦੀਨ' ਖਿਡਾਰੀਆਂ ਨੂੰ ਪੁੱਛਦੇ ਹਨ, "ਬਿੱਲੀ ਬੱਚਿਆਂ ਦੀ ਮਾਂ, ਰੋਟੀ ਪੱਕੀ ਕਿ ਨਾ?" ਦੋ ਤਿੰਨ ਵਾਰੀ ਮਦੀਨ ਖਿਡਾਰੀ 'ਨਾਂਹ' ਕਰਦੇ ਹਨ, ਪਰ ਜਦੋਂ ਜਵਾਬ 'ਹਾਂ' ਵਿਚ ਆਉਂਦਾ ਹੈ, ਤਾਂ ਨਰ ਖਿਡਾਰੀ ਮਦੀਨ ਖਿਡਾਰੀਆਂ ਵੱਲ ਤੇ ਮਦੀਨ ਖਿਡਾਰੀ ਮੈਦਾਨ ਵੱਲ ਦੌੜਦੇ ਹਨ। ਜਿਹੜੇ ਮਦੀ 6 ਰਸਤੇ ਵਿਚ ਛੂਹੇ ਜਾਂਦੇ ਹਨ, ਉਹ ਛੂਹਣ ਵਾਲੇ ਖਿਡਾਰੀ ਦੀ ਘੋੜੀ ਬਣ ਕੇ ਉਹਨਾਂ ਨੇ ਖੇਤ ਦੇ ਮੈਦਾਨ ਤੱਕ ਝੂਟਾ ਦਿੰਦੇ ਹਨ। ਇਸ ਤੋਂ ਮਗਰੋਂ ਖੇਡ ਫਿਰ ਸ਼ੁਰੂ ਹੋ ਜਾਂਦੀ ਹੈ ਅਤੇ ਵਾਰੀ ਉਹੋ ਖਿਡਾਰੀ ਦਿੰਦਾ ਹੈ, ਜਿਹੜਾ ਸਭ ਤੋਂ ਪਹਿਲਾਂ ਮਦੀਨ ਬਣਿਆ ਹੋਵੇ।

ਅਖਰੋਟ : ਅਖਰੋਟ ਵੀ ਬੱਚਿਆਂ ਅਤੇ ਗੱਭਰੂਆਂ ਦੀ ਇਕ ਲੋਕਪ੍ਰਿਯ ਖੇਡ ਹੈ। ਇਸ ਵਿਚ ਨਿਸ਼ਾਨਾ ਲਾਉਣ ਦਾ ਅਭਿਆਸ ਕੀਤਾ ਜਾਂਦਾ ਹੈ। ਇਸ ਵਿਚ ਇਕ ਖੱਤੀ ਕੱਦਾ ਹੈ ਕੁਝ ਫਰਕ ਤੇ ਵਾਹੀ ਲਕੀਰ ਤੋਂ ਖਲੋ ਕੇ ਅਖਰੋਟ ਸੁੱਟੇ ਜਾਂਦੇ ਹਨ। ਵਾਰੀ ਮਿੱਥਣ ਲਈ ਇੱਚਿਆ ਜਾਂਦਾ ਹੈ। ਸਾਰੇ ਖਿਡਾਰੀ ਵਾਰੀ-ਵਾਰੀ ਆਪਣਾ ਅਖਰੋਟ ਖੁੱਤੀ ਵੱਲ ਸੁੱਟਦੇ ਹਨ। ਜਿਸ ਦਾ ਅਖਰੋਟ ਖੁੱਤੀ ਵਿਚ ਚਲਾ ਜਾਵੇ, ਉਹ ਮੀਤੀ ਅਖਵਾਉਂਦਾ ਹੈ ਤੇ ਆਪਣੀ ਵਾਰੀ ਲੈਂਦਾ ਹੈ। ਖੁੱਤੀ ਦੇ ਸਭ ਤੋਂ ਨੇੜੇ ਅਖਰੋਟ ਸੁੱਟਣ ਵਾਲਾ ਦੋਗੀ, ਉਸ ਤੋਂ ਦੂਰ ਵਾਲਾ ਤੇਗੀ ਅਤੇ ਉਸ ਤੋਂ ਦੂਰ ਵਾਲਾ ਚੌਗੀ ਕਹਾਉਂਦਾ ਹੈ। ਮੀਡੀ ਵਾਲਾ ਖਿਡਾਰੀ ਸਭ ਤੋਂ ਇਕ-ਇਕ ਅਖਰੋਟ ਲੈ ਕੇ ਲਕੀਰ ਤੋਂ ਖੁੱਤੀ ਵੱਲ ਸੁੱਟਦਾ ਹੈ। ਜਿੰਨੇ ਅਖਰੋਟ ਖੁੱਤੀ ਵਿਚ ਪੈ ਜਾਣ, ਉਹ ਉਸ ਦੇ ਹੋ ਜਾਂਦੇ ਹਨ। ਫਿਰ ਉਸ ਨੂੰ ਬਾਹਰਲੇ ਕਿਸੇ ਅਖਰੋਟ ਉੱਤੇ ਨਿਸ਼ਾਨਾ ਲਾਉਣ ਲਈ ਕਿਹਾ ਜਾਂਦਾ ਹੈ। ਜੇਕਰ ਉਹ ਨਿਸ਼ਾਨਾ ਲਾ ਲਵੇ, ਤਾਂ ਸਾਰੇ ਅਖਰੋਟ ਉਸ ਦੇ ਹੋ ਜਾਂਦੇ ਹਨ, ਨਹੀਂ ਤਾਂ ਖੁੱਤੀ ਤੋਂ ਬਾਹਰ ਪਏ ਅਖਰੋਟ ਚੁੱਕ ਕੇ ਦੋਸ਼ੀ ਖਿਡਾਰੀ ਆਪਣੀ ਵਾਰੀ ਲੈਂਦਾ ਹੈ।

ਕੂਕਾਂ-ਕਾਂਗੜੇ : ਇਹ ਪੰਜਾਬੀਆਂ ਦੀ ਲੋਕਪ੍ਰਿਯ ਖੇਡ ਹੈ। ਇਸ ਵਿਚ ਲਕਾਉਣ ਅਤੇ ਖੇਡਣ ਦੀ ਰੁਚੀ ਜਗਾਉਣ ਦੇ ਨਾਲ ਹੀ ਗਿਣਤੀ ਦਾ ਅਭਿਆਸ ਵੀ ਹੁੰਦਾ ਹੈ। ਇਹ ਖੇਡ ਘਰਾਂ ਅਤੇ ਗਲੀਆਂ ਵਿਚ ਖੇਡੀ ਜਾਂਦੀ ਹੈ। ਖਿਡਾਰੀ ਦੋ ਟੋਲੀਆਂ ਬਣਾ ਕੇ ਗਲੀ ਨੂੰ ਦੋ ਹਿੱਸਿਆਂ ਵਿਚ ਵੰਡ ਲੈਂਦੇ ਹਨ ਅਤੇ ਦੋਵੇਂ ਟੋਲੀਆਂ ਇਕ-ਇਕ ਹਿੱਸਾ ਮੱਲ ਲੈਂਦੀਆਂ ਹਨ। ਇਕ ਜਣਾ 'ਕੂਕਾਂ-ਕਾਂਗੜੇ, ਪੱਟ ਪਟੀਲੋ' ਆਖਦਾ ਹੈ ਤੇ ਦੋਵੇਂ ਟੋਲੀਆਂ ਆਪਣੇ-ਆਪਣੇ ਪਾਸੇ ਜਾ ਕੇ ਕੋਲਿਆਂ ਜਾਂ ਸਲੇਟੀਆਂ ਨਾਲ ਲੁਕਵੀਆਂ ਥਾਵਾਂ ਤੇ ਜ਼ਿਆਦਾ ਤੋਂ ਜ਼ਿਆਦਾ ਲੀਕਾਂ ਮਾਰਦੀਆਂ ਹਨ। ਜਿਹੜੀ ਟੋਲੀ ਲੀਕ ਵਾਹੁਣ ਦਾ ਕੰਮ ਮੁਕਾ ਲੈਂਦੀ ਹੈ, ਉਸ ਦਾ ਖਿਡਾਰੀ ਵੰਡ ਵਾਲੀ ਥਾਂ ਤੇ ਆ ਕੇ 'ਕੂਕਾਂ-ਕਾਂਗੜੇ' ਜਾਂ 'ਪੱਟ ਪਟੀਲੋ' ਦੀ ਆਵਾਜ਼ ਦਿੰਦਾ ਹੈ। ਇਹ ਆਵਾਜ਼ ਸੁਣ ਕੇ ਦੂਜੀ ਟੋਲੀ ਦੇ ਖਿਡਾਰੀ ਵੀ ਉੱਥੇ ਪਹੁੰਚ ਜਾਂਦੇ ਹਨ। ਫਿਰ ਹਰ ਟੋਲੀ ਇਕ ਦੂਜੇ ਦੇ ਪਾਸੇ ਵੱਲ ਜਾ ਕੇ ਦੂਜਿਆਂ ਦੀਆਂ ਵਾਹੀਆਂ ਲਕੀਰਾਂ ਲੱਭ ਕੇ ਕਾਂਟੇ ਮਾਰਦੀ ਹੈ। ਕਾਂਟੇ ਮਾਰਨ ਦਾ ਕੰਮ ਖਤਮ ਕਰਕੇ ਤੇ ਫਿਰ ਦੋਹਾਂ ਟੋਲੀਆਂ ਦੀਆਂ ਬਚੀਆਂ ਲਾਈਨਾਂ ਦੀ ਗਿਣਤੀ ਹੁੰਦੀ ਹੈ। ਜਿਸ ਟੋਲੀ ਦੀਆਂ ਬਹੁਤੀਆਂ ਲਾਈਨਾਂ ਬੱਚ ਗਈਆਂ ਹੋਣ, ਉਹ ਜਿੱਤੀ ਸਮਝੀ ਜਾਂਦੀ ਹੈ।

ਬੱਚਿਆਂ ਦੀਆਂ ਖੇਡਾਂ : ਇਹਨਾਂ ਤੋਂ ਬਿਨਾਂ ਪੰਜਾਬ ਵਿਚ ਬੱਚਿਆਂ ਦੁਆਰਾ ਲੁਕਣਮੀਟੀ, ਛੂਹਣ-ਛੁਹਾਈ, ਭੰਡਾ-ਭੰਡਾਰੀਆ, ਊਚ-ਨੀਚ, ਖਾਨ ਘੋੜੀ, ਤੇਰਾ ਮੇਰਾ ਮੇਲ ਨਹੀਂ, ਕੁੰਡਾ ਚੁੱਕ, ਕੀੜ-ਕੜਾਂਗਾ ਅਤੇ ਬਾਂਦਰ ਕਿੱਲਾ ਖੇਡੀਆਂ ਜਾਣ ਵਾਲੀਆਂ ਹੋਰ ਖੇਡਾਂ ਹਨ।

ਇਹਨਾਂ ਤੋਂ ਇਲਾਵਾ ਪੰਜਾਬ ਦੀਆਂ ਹੋਰ ਵੀ ਬਹੁਤ ਸਾਰੀਆਂ ਖੇਡਾਂ ਹਨ। ਇਹ ਸਾਡਾ ਮਾਣ ਕਰਨ ਯੋਗ ਵਿਰਸਾ ਹਨ। ਅੱਜਕਲ੍ਹ ਇਹਨਾਂ ਪੁਰਾਣੀਆਂ ਖੇਡਾਂ ਦੀ ਥਾਂ ਨਵੀਆਂ ਖੇਡਾਂ ਤੇਜ਼ੀ ਨਾਲ ਪ੍ਰਚੱਲਿਤ ਹੁੰਦੀਆਂ ਜਾ ਰਹੀਆਂ ਹਨ ਜਾਂ ਇੰਝ ਕਹਿ ਲਈਏ ਕਿ ਪੁਰਾਣੀਆਂ ਖੇਡਾਂ ਦਾ ਨਾਮ ਬਦਲ ਕੇ ਹੀ ਨਵੀਆਂ ਖੇਡਾਂ ਜਨਮ ਲੈ ਰਹੀਆਂ ਹਨ।

● ● ●


ਜ਼ਿੰਦਗੀ ਨੂੰ ਖੁੱਲ੍ਹੀ ਕਿਤਾਬ ਨਾ ਬਣਾਓ, ਕਿਉਂਕਿ ਲੋਕਾਂ ਨੂੰ ਪੜ੍ਹਨ ਵਿਚ ਨਹੀਂ ਵਰਕੇ ਪਾੜ੍ਹਣ ਵਿਚ ਸੁਆਦ ਆਉਂਦਾ ਹੈ।

ਸਹੁ ਸੁਣਾਇਸੀ ਸੱਚ ਕੀ ਬੇਲਾ



ਸੁਰਿੰਦਰ ਸਿੰਘ ਰੂਬੀ
ਸੰਪਾਦਕ

(1) ਭਾਜਪਾ ਦੀ ਅਸਾਮ, ਪੁਡੂਚੇਰੀ ਤੇ ਬੰਗਾਲ ਦੀ ਜਿੱਤ ਨੇ ਪੰਜਾਬ ਭਾਜਪਾ ਦੇ ਵਰਕਰਾਂ ਤੇ ਨੇਤਾਵਾਂ ਦੇ ਚਿਹਰੇ ਖਿੜਾ ਦਿੱਤੇ। 2027 ਵਿਚ ਪੰਜਾਬ ਵਿਚ ਜਿੱਤ ਦੇ ਕਰਨ ਲੱਗੇ ਕਿਆਸੇ



ਭਾਰਤੀ ਜਨਤਾ ਪਾਰਟੀ ਦੀ ਅਸਾਮ ਵਿਚ 100 ਤੋਂ ਵੱਧ ਸੀਟਾਂ ਜਿੱਤ ਕੇ ਬਣਾਈ ਹੈਟ੍ਰਿਕ, ਪੁਡੂਚੇਰੀ ਵਿਚ ਦੁਬਾਰਾ ਜਿੱਤ ਤੇ ਸਭ ਤੋਂ ਵੱਡੀ ਬੰਗਾਲ ਰਾਜ ਦੀ ਪੰਦਰਾ ਸਾਲ ਤੋਂ ਚੱਲ ਰਹੀ ਮਮਤਾ ਬੈਨਰਜੀ ਦੀ ਤ੍ਰਿਨਮੂਲ ਸਰਕਾਰ ਨੂੰ ਬੁਰੀ ਤਰ੍ਹਾਂ ਹਰਾ ਕੇ, ਪੁੱਟ ਕੇ ਪਰਾਂ ਸੁੱਟਣ ਤੇ ਦੇਸ਼ ਭਰ ਵਿਚ ਭਾਜਪਾ ਵਰਕਰਾਂ ਤੇ ਨੇਤਾਵਾਂ ਦੇ ਮਨੋਬਲ ਦੀ ਸੀਮਾ ਦਾ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਕਿ ਇਹ ਕਿਸ ਉੱਚਾਈ ਤੇ ਪਹੁੰਚ ਚੁੱਕਾ ਹੈ। 2027 ਵਿਚ ਦੋ ਉੱਤਰੀ ਰਾਜਾਂ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿਚ ਚੋਣਾਂ ਹੋਈਆਂ ਹਨ। ਹਿਮਾਚਲ ਵਿਚ ਤਾਂ ਕਾਂਗਰਸ ਤੇ ਭਾਜਪਾ ਦੇ ਵਾਰੋ ਵਾਰੀ ਸੱਤਾ ਤੇ ਕਾਬਜ਼ ਹੋਣ ਦਾ ਦਸਤੂਰ ਕਾਫੀ ਸਾਲਾਂ ਤੋਂ ਚਲਿਆ ਆ ਰਿਹਾ ਹੈ। ਪ੍ਰੰਤੂ ਪੰਜਾਬ ਰਾਜ ਦੀ ਆਮ ਆਦਮੀ ਪਾਰਟੀ ਦੀ ਸਰਕਾਰ, ਜੋ 2022 ਵਿਚ ਆਪਣੀਆਂ ਪ੍ਰਾਪਤੀਆਂ ਜਾਂ ਨੀਤੀਆਂ ਕਰਕੇ ਸੱਤਾ ਵਿਚ ਨਹੀਂ ਆਈ ਸੀ ਪ੍ਰੰਤੂ ਪਿਛਲੇ ਸਮੇਂ ਵਿਚ ਕਾਬਜ਼ ਰਹੀਆਂ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਤੋਂ ਨਿਰਾਸ਼ ਹੋ ਕੇ ਲੋਕਾਂ ਨੇ ਨਵੀਂ ਪਾਰਟੀ ਨੂੰ ਮੌਕਾ ਦੇਣ ਦਾ ਫੈਸਲਾ ਲਿਆ ਸੀ। ਜਿਸ ਵਿਚ ਪੰਜਾਬੀਆਂ ਦੇ ਹੱਥ ਜ਼ਿਆਦਾ ਨਿਰਾਸ਼ਾ ਹੀ ਲੱਗੀ ਹੈ। ਨਸ਼ੇ 'ਤੇ ਕੰਟਰੋਲ ਨਾ ਕਰ ਸਕਣਾ, ਗੈਂਗਸਟਰਾਂ ਤੇ ਕਾਬੂ ਨਾ ਪਾ ਸਕਣਾ, ਲੁੱਟਾਂ-ਖੋਹਾਂ ਤੇ ਕਤਲੋਗਾਰਦ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧੇ ਕਾਰਨ ਪ੍ਰਾਂਤ ਦੀ ਮੁੱਢਲੀ ਤਰੱਕੀ ਲਈ ਫੰਡ ਨਾ ਹੋਣ ਦੇ ਬਾਵਜੂਦ ਮੁਫ਼ਤ ਰਿਉੜੀਆਂ ਵੰਡਣੀਆਂ, ਛੋਟੀਆਂ-ਛੋਟੀਆਂ ਪ੍ਰਾਪਤੀਆਂ ਨੂੰ ਵੱਡੇ-ਵੱਡੇ ਇਸ਼ਤਿਹਾਰਾਂ ਰਾਹੀਂ ਪ੍ਰਚਾਰਨ ਦੀ ਕੋਸ਼ਿਸ਼ ਕਰਨਾ, ਮੰਤਰੀਆਂ ਤੇ ਵਿਧਾਇਕਾਂ ਉੱਤੇ ਲੋਕਾਂ ਨਾਲ ਜ਼ਿਆਦਤੀਆਂ ਦੇ ਪਰਚੇ ਹੋਣੇ, ਕੇਂਦਰੀ ਭਲਾਈ ਸਕੀਮਾਂ ਨੂੰ ਇਨ ਬਿਨ ਲਾਗੂ ਕਰਨ ਦੀ ਬਜਾਏ ਆਪਣੇ ਨਾਮ ਹੇਠ ਪ੍ਰਚਾਰਨਾ ਤੇ ਅੱਧੀਆਂ ਪਚੱਧੀਆਂ ਲਾਗੂ ਕਰਨੀਆਂ। ਹਰ ਕਮੀ ਲਈ ਕੇਂਦਰ ਸਰਕਾਰ ਨੂੰ ਬੁਰਾ ਭਲਾ ਕਹਿਣਾ, ਦਿੱਲੀ ਵਾਲੇ ਆਪ ਲੀਡਰਾਂ ਦਾ ਪੰਜਾਬ ਪ੍ਰਬੰਧ ਵਿਚ ਬੇਲੋੜਾ ਜ਼ਿਆਦਾ ਦਖਲ ਹੋਣਾ, ਅਜਿਹੇ ਕਈ ਮੁੱਦੇ ਵਿਰੋਧੀ ਪਾਰਟੀਆਂ ਕੋਲ ਚੋਣਾਂ ਵਿਚ ਸਰਕਾਰ ਵਿਰੁੱਧ ਪ੍ਰਚਾਰ ਕਰਨ ਲਈ ਕਾਫੀ ਸੌਦਾ ਮੌਜੂਦ ਹੈ। ਪ੍ਰੰਤੂ ਹੁਣ ਬੰਗਾਲ ਦੀ 15 ਸਾਲ ਪੁਰਾਣੀ ਮਮਤਾ ਸਰਕਾਰ ਨੂੰ ਬੜੇ ਵੱਡੇ ਫਰਕ ਨਾਲ ਹਰਾਉਣ ਦੇ ਨਤੀਜਿਆਂ ਨੇ ਪੰਜਾਬ ਵਿਚ ਭਾਜਪਾ ਨੂੰ ਬਾਕੀਆਂ ਦੇ ਮੁਕਾਬਲੇ ਮਜਬੂਤੀ ਦਿੱਤੀ ਹੈ। ਦੇਸ਼ ਦੇ ਬਹੁਤੇ ਸੂਬਿਆਂ ਵਿਚ ਡਬਲ ਇੰਜਣ ਦੀ ਸਰਕਾਰ ਹੈ ਤੇ ਪ੍ਰਾਤਾਂ ਦੀ ਬੇਤਹਾਸ਼ਾ ਤਰੱਕੀ ਹੋ ਰਹੀ ਹੈ। ਮੱਧ ਪ੍ਰਦੇਸ਼, ਬਿਹਾਰ, ਹਰਿਆਣਾ, ਅਸਾਮ, ਉੱਤਰ ਪ੍ਰਦੇਸ਼, ਗੁਜਰਾਤ ਅਜਿਹੇ ਸੂਬੇ ਹਨ, ਜਿਸ ਵਿਚ ਡਬਲ ਇੰਜਣ ਦੀਆਂ ਸਰਕਾਰਾਂ ਨੇ ਤਰੱਕੀ ਵਿਚ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ ਹਨ। ਪੰਜਾਬ ਕਾਂਗਰਸ ਦੀ ਲੀਡਰਸ਼ਿਪ ਆਪਸੀ ਕਲਾ ਕਲੇਸ਼ ਵਿਚੋਂ ਵਿਚਰ ਰਹੀ ਹੈ। ਇਸੇ ਤਰ੍ਹਾਂ ਅਕਾਲੀ ਧੜੇ ਵੀ ਇਕ ਦੂਜੇ ਦੀਆਂ ਲੱਤਾਂ ਖਿੱਚਣ ਵਿਚ ਮਸ਼ਰੂਫ ਹਨ। ਅਜਿਹੇ ਵੇਲ ਜੇਕਰ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਪੰਜਾਬ ਅਤੇ ਸਿੱਖਾਂ ਦੇ ਕੁਝ ਮਸਲਿਆਂ ਨੂੰ ਦਲੇਰੀ ਨਾਲ ਹੱਲ ਕਰਕੇ ਪੰਜਾਬ ਦੀ ਸਿਆਸਤ ਵਿਚ ਸੂਬਾਈ ਲੀਡਰਸ਼ਿਪ ਨੂੰ ਨਾਲ ਲੈ ਕੇ ਦਲੇਰੀ ਭਰੇ ਫੈਸਲੇ ਕਰ ਲਵੇ ਤਾਂ 2027 ਦੀਆਂ ਚੋਣਾਂ ਵਿਚ ਪੰਜਾਬ ਵਿਚ ਭਾਜਪਾ ਇਕੱਲੇ ਤੌਰ ਤੇ ਹੀ ਵਰਨਣਯੋਗ ਤੇ ਹੈਰਾਨੀ ਭਰਿਆ ਨਤੀਜਾ ਦੇਣ ਵਿਚ ਸਫਲ ਹੋ ਸਕਦੀ ਹੈ।

(2) ਵੱਧ ਰਹੀਆਂ ਸਾਇਬਰ ਠੱਗੀ ਦੀਆਂ ਘਟਨਾਵਾਂ, ਜਾਗਰੂਕ ਤੇ ਸੁਚੇਤ ਰਹੋ

ਅੱਜਕਲ੍ਹ ਹਰ ਇਕ ਮੋਬਾਇਲ ਫ਼ੋਨ ਵਰਤਣ ਵਾਲੇ ਨੂੰ ਰੋਜ਼ਾਨਾ ਹੀ ਬੈਂਕ ਖਾਤਿਆਂ ਜਾਂ ਪੈਸਿਆਂ ਦੇ ਲੈਣ-ਦੇਣ ਦੇ ਹੋਰ ਤਰੀਕਿਆਂ ਨਾਲ ਸਬੰਧਿਤ ਕਈ-ਕਈ ਤਰ੍ਹਾਂ ਦੀਆਂ ਫ਼ੋਨ ਕਾਲਾਂ ਜਾਂ ਮੈਸੇਜ ਪ੍ਰਾਪਤ ਹੁੰਦੇ



ਹਨ। ਜਿਨ੍ਹਾਂ ਵਿਚ ਜਮ੍ਹਾਂ ਰਕਮਾਂ ਨੂੰ ਦੁਗਣਾ ਕਰਨ, ਵੱਧ ਵਿਆਜ ਦਰ ਦੇਣ ਦੀ ਸਲਾਹ ਅਤੇ ਤੁਹਾਡੇ ਦੂਰ ਬੈਠੇ ਰਿਸ਼ਤੇਦਾਰਾਂ ਜਾਂ ਪਰਿਵਾਰਕ ਮੈਂਬਰਾਂ ਨੂੰ ਮੁਸ਼ਕਲ ਵਿਚ ਫਸੇ ਦੱਸ ਕੇ ਇਕ ਖਾਸ ਖਾਤੇ ਵਿਚ ਪੈਸੇ ਭੇਜਣ ਦੀਆਂ ਕਾਲਾਂ ਆਮ ਹੀ ਆਉਂਦੀਆਂ ਹਨ। ਪਿੱਛੇ ਜਿਹੇ ਇਕ ਨਵੇਂ ਢੰਗ ਤਰੀਕੇ ਨਾਲ ਲੋਕਾਂ ਨੂੰ ਹਾਊਸ ਡਿਜ਼ੀਟਲ ਗ੍ਰਿਫਤਾਰੀ ਕਰਨ ਦੇ ਡਰਾਵੇ ਨਾਲ ਲੱਖਾਂ ਰੁਪਏ ਠੱਗਣ ਦੇ ਤਰੀਕੇ ਵੀ ਸਾਹਮਣੇ ਆਏ ਹਨ। ਜਦੋਂ ਕਿ ਭਾਰਤੀ ਸੰਵਿਧਾਨ ਅਨੁਸਾਰ ਡਿਜ਼ੀਟਲ ਗ੍ਰਿਫਤਾਰੀ ਵਰਗਾ ਕੋਈ ਕਾਨੂੰਨੀ ਪ੍ਰਾਵਧਾਨ ਹੀ ਨਹੀਂ ਹੈ। ਨਾਂ ਹੀ ਕੋਈ ਅਜਿਹੀ ਧਾਰਾ ਹੈ। ਬੜੀ ਹੈਰਾਨੀ ਹੁੰਦੀ ਹੈ ਕਿ ਪੜ੍ਹੇ-ਲਿਖੇ ਲੋਕ ਵੀ ਡਿਜ਼ੀਟਲ ਗ੍ਰਿਫਤਾਰੀ ਵਰਗੇ ਮਾਮਲਿਆਂ ਦਾ ਅਸਾਨੀ ਨਾਲ ਸ਼ਿਕਾਰ ਬਣ ਜਾਂਦੇ ਹਨ। ਸਾਇਬਰ ਠੱਗ ਪਹਿਲਾਂ ਰਾਸ਼ੀ ਤੇ ਵਧੇਰੇ ਮੁਨਾਫਾ ਦੇਣ ਦਾ ਲਾਲਚ ਪਾ ਕੇ ਕਿਸੇ ਵਿਅਕਤੀ ਪਾਸੋਂ ਪੈਸੇ ਜਮ੍ਹਾਂ ਕਰਵਾ ਲੈਂਦੇ ਹਨ। ਪੈਸੇ ਵਾਪਸ ਮੰਗਣ ਤੇ ਟੈਕਸਾਂ ਦਾ ਡਰ ਦੇ ਕੇ ਹੋਰ ਪੈਸੇ ਵੱਖ-ਵੱਖ ਖਾਤਿਆਂ ਵਿਚ ਪਾਉਣ ਨੂੰ ਸਬੰਧਤ ਵਿਅਕਤੀ ਨੂੰ ਕਹਿੰਦੇ ਹਨ। ਕਈ ਮਾਮਲਿਆਂ ਵਿਚ ਕਰੋੜਾਂ ਰੁਪਏ ਦੀ ਠੱਗੀ ਸਾਹਮਣੇ ਆਈ ਹੈ। ਕ੍ਰਿਪਟੋ ਕਰੰਸੀ ਦੇ ਵਪਾਰ ਵਿਚ ਪੈਸਾ ਲਗਾ ਕੇ ਦੁੱਗਣਾ ਤਿਗਣਾ ਕਰਨ ਦੇ ਲਾਲਚ ਵੱਸ ਵੀ ਕਈ ਲੋਕ ਇਹਨਾਂ ਸਾਇਬਰ ਠੱਗਾਂ ਦੇ ਝਾਂਸੇ ਵਿਚ ਆ ਜਾਂਦੇ ਹਨ। ਪੈਸੇ ਦੁਗਣੇ ਕਰਨ ਜਾਂ ਵੱਧ ਵਿਆਜ਼ ਦਰ ਦਾ ਜੇਕਰ ਕੋਈ ਦਾਅਵਾ ਕਰਦਾ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਹ ਠੱਗ ਹੈ ਅਤੇ ਠੱਗੀ ਮਾਰਨ ਦੀ ਵਿਉਂਤ ਬਣਾ ਰਿਹਾ ਹੈ। ਕਿਸੇ ਦੇ ਕਹਿਣ ਤੇ ਆਪਣੇ ਬੈਂਕ ਖਾਤੇ ਬਾਰੇ ਜਾਣਕਾਰੀ ਸਾਂਝੀ ਕਰਨਾ ਜਾਂ ਕਿਸੇ ਦੇ ਬੈਂਕ ਖਾਤੇ ਵਿਚ ਅੰਨੇਵਾਹ ਰਕਮਾਂ ਤਬਦੀਲ ਕਰਨਾ, ਆਤਮਘਾਤੀ ਕਦਮ ਵਰਗਾ ਹੈ। ਭਾਵੇਂ ਕਿ ਬੈਂਕ ਸਰਕਾਰਾਂ ਅਤੇ ਪ੍ਰਸਾਸ਼ਨ ਇਸ ਬਾਰੇ ਜਾਣਕਾਰੀ ਲੋਕਾਂ ਨਾਲ ਸਾਂਝੀ ਕਰਦੇ ਰਹਿੰਦੇ ਹਨ ਤੇ ਆਮ ਜਨ ਨੂੰ ਸੁਚੇਤ ਵੀ ਕਰਦੇ ਰਹਿੰਦੇ ਹਨ, ਫਿਰ ਵੀ ਅਜਿਹੇ ਮਸਲਿਆਂ ਵਿਚ ਲੋਕਾਂ ਨੂੰ ਜਾਣਕਾਰ ਤੇ ਸੁਚੇਤ ਜਾਗਰੂਕ ਹੋਣਾ ਚਾਹੀਦਾ ਹੈ ਅਤੇ ਆਪਣੀ ਮਿਹਨਤ ਨਾਲ ਕਮਾਈ ਪੂੰਜੀ ਨੂੰ ਕਿਸੇ ਲਾਲਚ ਵੱਸ ਠੱਗੀ ਨਹੀਂ ਜਾਣ ਦੇਣੀ ਚਾਹੀਦੀ।

(3) ਵਾਸ਼ਿੰਗਟਨ ਵਿਚ ਰਾਸ਼ਟਰਪਤੀ ਟਰੰਪ ਤੇ ਚੱਲੀ ਗੋਲੀ, ਟਰੰਪ ਵਾਲ-ਨਾਲ ਬਚੇ, ਹਮਲਾਵਰ ਮੌਕੇ ਤੋਂ ਕਾਬੂ

ਅਮਰੀਕਾ ਦੇ ਰਾਸ਼ਟਰਪਤੀ ਜਦ ਵਾਈਟ ਹਾਊਸ ਦੇ ਪੱਤਰਕਾਰਾਂ ਦੀ ਐਸੋਸੀਏਸ਼ਨ ਨੂੰ ਵਾਸ਼ਿੰਗਟਨ ਦੇ ਹਿਲਟਨ ਹੋਟਲ ਵਿਚ ਖਾਣੇ ਦੀ ਦਾਅਵਤ ਦੇ ਰਹੇ ਸਨ ਤਾਂ ਇਕ ਸ਼ੱਕੀ ਹਮਲਾਵਰ ਟਾਮਸ ਐਲਨ (31 ਸਾਲ) ਨੇ ਪ੍ਰੈੱਸ ਕਾਨਫਰੰਸ ਦੇ ਗੇਟ ਤੋਂ ਜਬਰੀ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਆਪਣੀ ਸ਼ਾਟ ਗੰਨ ਤੋਂ ਤਕਰੀਬਨ ਅੱਠ ਗੋਲੀਆਂ ਅੰਦਰ ਵੱਲ ਨੂੰ ਦਾਗੀਆਂ। ਹਮਲਾਵਰ ਇਕੱਲਾ ਸੀ। ਇਸ ਦਾਅਵਤ ਵਿਚ ਮੌਕੇ ਤੇ ਉੱਪ ਰਾਸ਼ਟਰਪਤੀ ਜੇ.ਡੀ. ਵੈਂਸ, ਰੱਖਿਆ ਮੰਤਰੀ ਪੀਟ ਹੇਮਸੇਠ, ਵਿਦੇਸ਼ ਮੰਤਰੀ ਮਾਰਕ ਰੂਬੀਓ, ਅਮਰੀਕੀ ਖੁਫੀਆ ਵਿਭਾਗ ਦੀ ਡਾਇਰੈਕਟਰ ਤੁਲਸੀ ਗਬਾਰਡ ਅਤੇ ਹੋਰ ਵੱਡੇ ਅਧਿਕਾਰੀ ਰਾਸ਼ਟਰਪਤੀ ਟਰੰਪ ਨਾਲ ਸਟੇਜ ਤੇ ਮੌਜੂਦ ਸਨ।

ਗੋਲੀਬਾਰੀ ਹੋਣ ਤੇ ਸੁਰੱਖਿਆ ਅਧਿਕਾਰੀਆਂ ਨੇ ਅਹਿਮ ਸਖ਼ਸ਼ੀਅਤਾਂ ਨੂੰ ਸੁਰੱਖਿਆ ਘੇਰੇ ਵਿਚ ਲੈ ਲਿਆ ਤੇ ਸੁਰੱਖਿਅਤ ਜਗ੍ਹਾ ਤੇ ਲੈ ਗਏ। ਹਮਲਾਵਰ ਕੈਲੀਫੋਰਨੀਆਂ ਤੋਂ ਟਰੇਨ ਰਾਹੀਂ ਵਾਸ਼ਿੰਗਟਨ ਪਹੁੰਚਿਆ ਸੀ, ਜਿੱਥੇ ਉਹਨੇ ਉਸੇ ਹਿਲਟਨ ਹੋਟਲ ਵਿਚ ਠਹਿਰਾਅ ਕੀਤਾ ਹੋਇਆ ਸੀ। ਉਹ ਕੈਲੇਫੋਰਨੀਆ ਸਟੇਟ ਦੇ ਟਾਰੈਂਸ ਇਲਾਕੇ ਦਾ ਰਹਿਣ ਵਾਲਾ ਸੀ ਅਤੇ ਸਿੱਖਿਅਤ ਟਿਊਟਰ ਤੇ ਵੀਡੀਓ ਗੇਮ ਡਿਵੈਲਪਰ ਸੀ। ਉਸ ਨੇ 2017 ਵਿਚ ਪਾਸਾਡੇਨਾ ਦੇ ਕੈਲੀਫੋਰਨੀਆ ਇਨਸਟੀਚੂਟ ਆਫ਼ ਟੈਕਨਾਲੋਜੀ ਤੋਂ ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ ਸੀ। ਉਹ ਉੱਥੇ ਖਿਡੌਣਾ ਬੰਦੂਕ ਮੁਕਾਬਲਿਆਂ ਵਿਚ ਹਿੱਸਾ ਵੀ ਲੈਂਦਾ ਰਿਹਾ ਹੈ। ਖੁਫੀਆ ਵਿਭਾਗ ਜਾਂ ਪੁਲਿਸ ਨੇ ਇਸ ਬਾਰੇ ਕੋਈ ਹੋਰ ਜਾਣਕਾਰੀ ਅਜੇ ਸਾਂਝੀ ਨਹੀਂ ਕੀਤੀ ਹੈ। ਚੰਗੀ ਗੱਲ ਹੈ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ।



ਵਧ ਰਿਹਾ ਤਲਾਕ ਦਾ ਰੁਝਾਨ ਤੇ ਹੱਲ

ਡਾ. ਇੰਦਰਜੀਤ ਗੋਗੋਆਣੀ



ਵਕਤ ਦੇ ਬਦਲਾਉ ਨਾਲ ਜਿੱਥੇ ਅਜੋਕੇ ਸਮਾਜ ਦੀ ਜੀਵਨ ਜਾਂਚ, ਰਹਿਣ-ਸਹਿਣ ਆਦਿ ਵਿਚ ਵੱਡੀ ਪੱਧਰ 'ਤੇ ਪਰਿਵਰਤਨ ਆਇਆ ਹੈ। ਉਥੇ ਸਾਡੇ ਸਮਾਜ ਵਿਚ ਅਨੇਕਾਂ ਪ੍ਰਕਾਰ ਦੀਆਂ ਸਮੱਸਿਆਵਾਂ ਤੇ ਉਲਝਣਾਂ ਵੀ ਪੈਦਾ ਹੋਈਆਂ ਹਨ। ਏਡਜ਼, ਨਸ਼ੇ, ਐਕਸੀਡੈਂਟ, ਚਿੰਤਾ, ਆਤਮ ਹੱਤਿਆਵਾਂ, ਦਾਜ-ਦਹੇਜ ਦੀਆਂ ਘਟਨਾਵਾਂ ਦੀ ਰਫ਼ਤਾਰ ਵੀ ਵਧੀ ਹੈ। ਇਹ ਮਨੁੱਖਤਾ ਲਈ ਖ਼ੂੰਖਾਰ ਤੇ ਖੌਫਜ਼ਦਾ ਮਸਲੇ ਹਨ। ਇਸੇ ਤਰ੍ਹਾਂ ਦੇ ਮਸਲਿਆਂ 'ਚ ਇਕ ਮਸਲਾ ਹੈ ਤਲਾਕ ਦਾ ਵਧ ਰਿਹਾ ਰੁਝਾਨ...।

ਕਦੇ ਇਹ ਪੱਛਮੀ ਦੇਸ਼ਾਂ ਦੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਸਨ ਕਿ ਪਤੀ/ਪਤਨੀ 'ਚੋਂ ਇਕ ਨੇ ਅਦਾਲਤ ਵਿਚ ਅਰਜ਼ੀ ਪਾ ਦਿੱਤੀ ਕਿ ਇਹ ਸੁੱਤਾ ਪਿਆ ਘੁਰਾੜੇ ਬਹੁਤ ਮਾਰਦਾ ਹੈ, ਇਸ ਲਈ ਤਲਾਕ ਲੈਣਾ। ਮੇਰਾ ਡਿੱਗਿਆ ਰੁਮਾਲ ਨਹੀਂ ਫੜਾਇਆ-ਤਲਾਕ। ਇਹਦਾ ਖਾਣ ਦਾ ਤਰੀਕਾ ਠੀਕ ਨਹੀਂ-ਤਲਾਕ। ਆਮ ਬੰਦੇ ਨੂੰ ਇ ਗੱਲਾਂ ਹਾਸੋਹੀਣੀਆਂ ਜਿਹੀਆਂ ਜਾਪਦੀਆਂ ਸਨ ਕਿ ਇਹਨਾਂ 'ਚ ਤਲਾਕ ਵਾਲੀ ਕਿਹੜੀ ਗੱਲ ਹੈ? ਇਧਰ ਸਾਡੇ ਪੰਜਾਬੀਆਂ ਦੀਆਂ ਸਿੱਧੀਆਂ-ਸਾਦੀਆਂ ਜਿਹੀਆਂ ਗੱਲਾਂ ਸਿਰਫ਼ ਕਹਿਣ ਮਾਤਰ ਹੀ ਹੁੰਦੀਆਂ ਸਨ ਕਿ ਆਟਾ ਗੁੰਨ੍ਹਦੀ ਦੇ ਵਾਲੇ ਹਿੱਲਦੇ ਐ ਜਾਂ ਰੋਟੀ ਖਾਂਦੇ ਦੀ ਦਾੜ੍ਹੀ ਹਿੱਲਦੀ ਐ। ਉਂਝ ਇਹ ਗੱਲਾਂ ਜਾਂ ਅਖਾਣ ਹੋਰਨਾਂ ਸੰਦਰਭਾਂ ਵਿਚ ਵਰਤੀਆਂ ਜਾਂਦੀਆਂ ਸਨ ਜਾਂ ਹਨ। ਨਾਲੇ ਅਸੀਂ ਤਲਾਕ ਕੀ ਦੇਣਾ ਸੀ ਸਾਡੇ ਤਾਂ ਬਹੁਤਿਆਂ ਦੇ ਵਿਆਹ ਹੀ ਸੌ-ਸੌ ਸੁੱਖਾਂ ਸੁੱਖ ਕੇ ਹੁੰਦੇ ਸਨ।

ਖੈਰ! ਅਸਲ ਵਿਸ਼ੇ ਦੀ ਗੱਲ ਕਰੀਏ ਕਿ 'ਵਿਆਹ' ਸ਼ਬਦ ਦੇ ਸਮਾਨ ਅਰਥੀ ਅਨੇਕਾਂ ਸ਼ਬਦ ਸਮਾਜ ਵਿਚ ਪ੍ਰਚਲਤ ਹਨ ਜਿਵੇਂ ਸੁਅੰਬਰ, ਮੈਰਿਜ, ਨਿਕਾਹ, ਆਨੰਦ ਕਾਰਜ, ਲਾਵਾਂ ਜਾਂ ਹੋਰ ਵੱਖ-ਵੱਖ ਖਿੱਤਿਆਂ ਦੀ ਬੋਲੀ ਤੇ ਸੰਸਕਾਰਾਂ ਅਨੁਸਾਰ ਇਸ ਮਰਯਾਦਾ ਨੂੰ ਨੇਪਰੇ ਚਾੜ੍ਹਿਆ ਜਾਂਦਾ ਹੈ। ਇਹ ਹਰੇਕ ਇਸਤਰੀ ਜਾਂ ਪੁਰਸ਼ ਦੇ ਜੀਵਨ ਵਿਚ ਇਕ ਨਵਾਂ ਮੋੜ ਹੈ। ਕਿਸੇ ਸਮੇਂ ਛੋਟੀ ਉਮਰ 'ਚ ਕੀਤੇ ਜਾਂਦੇ ਵਿਆਹ ਭਾਵੇਂ ਅਨਜਾਣਪੁਣੇ ਤੇ ਭੋਲੇਪਣ ਵਿੱਚ ਹੁੰਦੇ ਸਨ, ਪਰ ਉਹ ਸਫਲ ਸਨ, ਪਰ ਅੱਜ ਹਰ ਨੌਜਵਾਨ ਬੱਚੇ/ਬੱਚੀ ਨੂੰ ਪੂਰੀ ਸਮਝ ਹੁੰਦੀ ਹੈ, ਫੇਰ ਵੀ ਕਈ ਵਾਰ ਅਸਫਲ ਹੁੰਦੇ ਹਨ। ਇਹਨਾਂ ਵਿਚੋਂ 'ਤਲਾਕ' ਦੀ ਘਟਨਾ ਜਨਮ ਲੈਂਦੀ ਹੈ। ਇਸ ਦੇ ਕਾਰਨ ਤੇ ਹੱਲ ਪ੍ਰਤੀ ਆਪਾਂ ਚਰਚਾ ਕਰ ਰਹੇ ਹਾਂ :-

ਪਹਿਲੀ ਗੱਲ ਕਿ ਵਿਆਹ ਇਕ ਪਵਿੱਤਰ ਬੰਧਨ ਹੈ। ਭਾਈ ਗੁਰਦਾਸ ਜੀ ਨੇ ਸਾਰੇ ਹੀ ਧਰਮਾਂ ਵਿਚੋਂ ਗ੍ਰਹਿਸਥੀ ਨੂੰ ਪ੍ਰਧਾਨ ਧਰਮ ਕਿਹਾ ਹੈ, ਉਹਨਾਂ ਦਾ ਕਥਨ ਹੈ :-

ਸਕਲ ਧਰਮ ਮੈਂ ਗ੍ਰਿਹਸਤੁ ਪ੍ਰਧਾਨ ਹੈ।

ਗ੍ਰਿਹਸਤੀ ਦੇ ਨਾਲ ਹੀ ਸਾਡੇ ਸਮਾਜ ਦਾ ਧਾਰਮਿਕ, ਰਾਜਨੀਤਿਕ, ਸਮਾਜਿਕ ਤੇ ਆਰਥਿਕ ਪੱਖ ਜੁੜਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਗ੍ਰਹਿਸਤੀ ਜੀਵਨ ਸੰਬੰਧੀ ਇਕ ਬਹੁਤ ਹੀ ਸੁੰਦਰ ਉਦਾਹਰਨ ਪੇਸ਼ ਕੀਤੀ ਹੈ :-

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥

ਇਸ ਦਾ ਭਾਵ ਅਰਥ ਹੈ ਕਿ ਪਤੀ-ਪਤਨੀ ਦੋਹਾਂ ਦਾ ਇਕੱਠੇ ਬੈਠਣ ਦਾ ਨਾਉਂ ਨਹੀਂ ਹੈ ਸਗੋਂ ਤਦ ਹੀ ਅਖਵਾਉਣ ਦੇ ਹੱਕਦਾਰ ਹਨ ਜੇਕਰ ਪਿਆਰ 'ਚ ਦਰਵ ਕੇ ਦੋ ਰੂਹਾਂ ਤੋਂ ਇੱਕ ਹੋ ਜਾਣ। ਦੋ ਸਰੀਰਾਂ ਵਿਚ ਇਕ ਜੋਤ ਦਾ ਹੋਣਾ ਇਕਸਾਰਤਾ ਤੇ ਇਕਸੁਰਤਾ ਹੈ।

ਹੁਣ ਇਹ ਸਾਰੇ ਸਮਾਜ ਦਾ ਸਵਾਲ ਹੈ ਕਿ ਦੋ ਸਰੀਰਾਂ ਵਿਚ ਇਕ ਜੋਤ ਕਿਵੇਂ ਹੋ ਸਕਦੀ ਹੈ? ਇਥੇ ਸਫਲ ਗ੍ਰਹਿਸਤ ਲਈ 'ਰਜਬ ਕਵੀ' ਨੇ ਆਪਸੀ ਛੇ ਗੁਣਾਂ ਦਾ ਹੋਣਾ ਜ਼ਰੂਰੀ ਲਿਖਿਆ ਹੈ :

ਆਸ਼ਾ, ਇਸ਼ਟ, ਉਪਾਸ਼ਨਾ, ਖਾਣ, ਪਾਨ, ਪਹਿਰਾਣ
ਖਸ਼ਟ ਲਛਣ ਜਹਿ ਰਜਬ ਮਿਲੈ, ਤਾਹਿ ਸੁਮਤਿ ਤੁਮ ਜਾਮ॥

ਜੇਕਰ ਇਹ ਲੱਛਣ ਲੜਕੇ/ਲੜਕੀ ਦੇ ਮਿਲਦੇ ਹੋਣ ਤਾਂ ਸ਼ਾਇਦ ਤਲਾਕ ਵਰਗੀ ਸਮੱਸਿਆ ਆਵੇ ਹੀ ਨਾ। ਪਹਿਲੀ ਗੱਲ ਕਿ ਦੋਹਾਂ ਦਾ 'ਆਸ਼ਾ' ਇਕ ਹੋਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਜੀਵਨ ਦੀ ਇਕਸੁਰਤਾ ਕਾਇਮ ਰਹੇਗੀ। ਕਿਸੇ ਪਰਿਵਾਰ, ਕੌਮ, ਜਥੇਬੰਦੀ, ਦਲ ਦਾ ਜੇ ਆਸ਼ਾ ਹੀ ਇਕ ਨਹੀਂ ਤਾਂ ਗੜਬੜ ਜ਼ਰੂਰ ਰਹੇਗੀ। ਇਸੇ ਤਰ੍ਹਾਂ ਇਸ਼ਟ ਤੇ ਉਪਾਸਨਾ ਜ਼ਰੂਰ ਇਕ ਹੋਵੇ। ਇਹ ਸੂਖਮ ਭਾਵ ਦੋਹਾਂ ਨੂੰ ਇਕ ਸੂਤਰ ਵਿਚ ਪਰੋਂਦੇ ਹਨ। ਤਾਂ ਇਕ ਨੁਕਤਾ ਕੋਈ ਉਠਾ ਸਕਦਾ ਹੈ ਕਿ ਜੇ ਕੋਈ ਨਾਸਤਿਕ ਹੋਵੇ? ਸਾਡੀ ਜਾਚੇ ਦੋਨੋਂ ਮੀਆਂ-ਬੀਵੀ ਨਾਸਤਿਕ ਹੋਣ ਤਾਂ ਵੀ ਚੰਗੀ ਨਿਭ ਸਕਦੀ ਹੈ। (ਉਂਝ ਗੁਰਮਤਿ ਵਿਚ ਗੁਰਮੁਖਿ ਤੇ ਮਨਮੁਖਿ ਸ਼ਬਦ ਹਨ ਅਤੇ ਗੁਰਮਤਿ ਵਿਚ ਗੁਰਮੁਖਿ ਬਣਨ ਦੀ ਪ੍ਰੇਰਨਾ ਹੈ)। ਮੈਂ ਇਥੇ ਕੁਝ ਨਾਮਵਰ ਲੋਕਾਂ ਦੇ ਪੁੱਤਾਂ/ਧੀਆਂ ਦੇ ਤਲਾਕ ਦੇ ਉਚੇਚ ਨਾਉਂ ਨਹੀਂ ਦੇ ਸਕਦਾ, ਪਰ ਉਹਨਾਂ

ਬਾਬਤ ਮੈਨੂੰ ਪਤਾ ਹੈ ਕਿ ਉਹਨਾਂ ਪਰਿਵਾਰਾਂ ਵਿਚ ਤਲਾਕ ਜਾਂ ਆਤਮ ਹੱਤਿਆ ਦਾ ਕਾਰਨ, ਉਹਨਾਂ ਪਰਿਵਾਰਾਂ ਦੀਆਂ ਧਾਰਮਿਕ ਮੰਨਤਾਂ ਮਨਾਉਤਾਂ ਦਾ ਵੱਖ-ਵੱਖ ਹੋਣਾ ਵੱਡਾ ਕਾਰਨ ਸੀ। ਇਸੇ ਤਰ੍ਹਾਂ ਖਾਣਾ, ਪੀਣਾ ਤੇ ਪਹਿਨਣਾ ਕਈ ਪਰਿਵਾਰਾਂ ਵਿਚ ਝਗੜੇ ਦਾ ਕਾਰਨ ਬਣਦਾ ਹੈ ਅਤੇ ਇਹ ਵਧਦਾ-ਵਧਦਾ ਤਲਾਕ ਤੱਕ ਪਹੁੰਚ ਜਾਂਦਾ ਹੈ। ਸਾਡੇ ਲੋਕ ਮੁਹਾਵਰੇ ਹਨ :-

ਖਾਈਏ ਮਨ ਭਾਉਂਦਾ, ਪਹਿਨੀਏਂ ਜੱਗ ਭਾਉਂਦਾ।

ਜੇਕਰ ਪੰਜਾਬ ਦੀ ਸਥਿਤੀ ਵੱਲ ਪੰਛੀ ਝਾਤ ਮਾਰੀਏ ਤਾਂ ਖਾਣਾ ਪੀਣਾ ਸਿਰਫ਼ ਰੋਟੀ-ਪਾਣੀ ਨਹੀਂ ਰਹਿ ਗਿਆ। ਹੁਣ ਤਾਂ ਇਸ ਦੇ ਅਰਥ ਬਦਲਦੇ ਜਾ ਰਹੇ ਹਨ। ਨੌਜਵਾਨ ਵਰਗ ਨਸ਼ਿਆਂ ਦੀ ਭੈੜੀ ਵਾਦੀ ਦਾ ਸ਼ਿਕਾਰ ਹੋਇਆ ਜੋ ਕੁਝ ਖਾ-ਪੀ ਰਿਹਾ ਹੈ, ਉਹ ਸੂਝਵਾਨ ਇਸਤਰੀ ਲਈ ਅਸਹਿਣਯੋਗ ਹੈ। ਇਹੋ ਜਿਹੀ ਸਥਿਤੀ ਵਿਚ ਲੜਾਈ ਝਗੜਾ ਜਾਂ ਤਲਾਕ ਆਮ ਵਰਤਾਰਾ ਬਣਦਾ ਜਾ ਰਿਹਾ ਹੈ, ਜਿਸ ਤੋਂ ਨੌਜਵਾਨਾਂ ਨੂੰ ਬਚਣ ਦੀ ਜ਼ਰੂਰਤ ਹੈ। ਦੂਜਾ ਪੱਖ ਕਿ ਤਲਾਕ ਸਿਰਫ਼ ਲੜਕੇ ਦੇ ਔਗੁਣਾਂ ਕਰਕੇ ਹੀ ਨਹੀਂ ਹੁੰਦੇ, ਕਈ ਵਾਰ ਲੜਕੀ ਜਾਂ ਲੜਕੇ ਦਾ ਪਰਿਵਾਰ ਵੀ ਦੋਸ਼ੀ ਹੁੰਦਾ ਹੈ। ਇਸਤਰੀ ਲਈ ਪਤੀਵਰਤਾ ਹੋਣਾ ਜ਼ਰੂਰੀ ਹੈ। ਲੜਕੀ ਦੇ ਪਰਿਵਾਰ ਵੱਲੋਂ ਬੇਲੋੜੀ ਦਖਲ ਅੰਦਾਜ਼ੀ ਜਾਂ ਲੜਕੀ ਦਾ ਘਰੇਲੂ ਕੰਮ ਕਾਜ ਲਈ ਯੋਗ ਨਾ ਹੋਣਾ, ਜਾਂ ਉਸ ਨੂੰ ਯੋਗ ਨਾ ਬਣਾਉਣਾ ਵੀ ਕਾਰਨ ਬਣ ਜਾਂਦੇ ਹਨ। ਬੇਲੋੜਾ ਫੈਸ਼ਨ, ਬੇਲੋੜਾ ਵਾਦ-ਵਿਵਾਦ ਗ੍ਰਿਹਸਤੀ ਜੀਵਨ ਨੂੰ ਤਬਾਹ ਕਰ ਦਿੰਦੇ ਹਨ।

ਤੀਜਾ ਪੱਖ ਇਹ ਵੀ ਹੈ ਕਿ ਗ੍ਰਿਹਸਤੀ ਜੀਵਨ ਦਰਅਸਲ ਆਪਸੀ ਸਹਿਯੋਗ ਹੈ। ਵਿਆਹ ਤੋਂ ਪਹਿਲਾਂ ਹਰੇਕ ਦੀਆਂ ਆਦਤਾਂ, ਸੋਚ, ਜੀਵਨ ਢੰਗ ਅਲਹਿਦਾ ਕਿਸਮ ਦਾ ਹੁੰਦਾ ਹੈ, ਪਰ ਹੁਣ ਰਲ ਕੇ ਚੱਲਣਾ ਹੀ ਸਿਆਣਪ ਹੁੰਦੀ ਹੈ। ਇਸੇ ਲਈ ਸਿਆਣੇ ਲੋਕ ਇਸ ਨੂੰ ਇਕ ਵੱਡੀ ਗੱਡੀ ਦੇ ਦੋ ਪਹੀਏ ਕਹਿੰਦੇ ਹਨ। ਦੋ ਪਹੀਆਂ ਨੂੰ ਸਫਰ ਕਰਨ ਵਾਸਤੇ ਨਿਊਣਾਂ ਵੀ ਪੈਂਦਾ ਤੇ ਬਰਾਬਰ ਨਿਭਣਾ ਵੀ ਪੈਂਦਾ ਹੈ। ਜਿਥੇ ਵੀ ਹੈਂਕੜ ਜਾਂ ਚਤੁਰਾਈ ਨਾਲ ਸਮਤੋਲ ਵਿਗੜਦਾ ਹੈ ਉਥੇ ਤਲਾਕ ਦੀ ਨੌਬਤ ਆਵੇਗੀ। ਇਹ ਆਪਸੀ ਸਹਿਮਤੀ ਕਰਨੀ ਦੋਹਾਂ ਲਈ ਅਤਿ ਜ਼ਰੂਰੀ ਹੈ।

ਚੌਥਾ ਪੱਖ ਕਿ ਕਾਮ ਦੇ ਵਿਸ਼ੇ ਸੰਬੰਧੀ ਨੌਜਵਾਨਾਂ ਦਾ ਗਿਆਨ ਬਹੁਤ ਅਧੂਰਾ ਹੈ। ਕਾਮ ਇਕ ਸ਼ਕਤੀ ਹੈ, ਜਿਸ ਨੂੰ ਜਤ-ਸਤ ਦੀ ਸੂਝ ਨਾਲ ਸਾਂਭਿਆ ਜਾ ਸਕਦਾ ਹੈ। ਸਕੂਲ, ਕਾਲਜ, ਯੂਨੀਵਰਸਿਟੀ ਤੱਕ ਵੀ ਇਹ ਕੋਈ ਵਿਸ਼ਾ ਹੀ ਨਹੀਂ ਹੈ ਤੇ ਫਿਰ ਆਮ ਲੋਕਾਈ ਦਾ ਕੀ ਹਾਲ ਹੋਵੇਗਾ? ਦੇਸੀ ਹਕੀਮਾਂ ਨੇ ਪੰਜਾਬ ਦੀਆਂ ਕੰਧਾਂ ਕਾਲੀਆਂ ਕੀਤੀਆਂ ਹੋਈਆਂ ਹਨ ਕਿ ਕਮਜ਼ੋਰੀ ਦਾ ਇਲਾਜ ਕਰਵਾਓ। ਇਹ ਗ੍ਰਿਹਸਤੀ ਜੀਵਨ ਲਈ ਇਕ ਵੰਗਾਰ ਹੈ। ਸ਼ਰਮੋ-ਕੁਸ਼ਰਮੀ ਕੋਈ ਕਿਸੇ ਨਾਲ ਗੱਲ ਨਹੀਂ ਕਰਦਾ। ਮਾਨਸਿਕ ਰੋਗ, ਭੂਤ-ਪ੍ਰੇਤ ਦਾ ਭੈਅ, ਛਾਇਆ, ਧਾਗੇ ਤਵੀਤ ਪਾਉਣੇ ਵੱਡੇ ਪੱਧਰ ਤੇ ਵਿਆਹੇ ਜਾਂ ਅਣਵਿਆਹੇ ਲੋਕਾਂ 'ਚ ਅਸੰਤੁਸ਼ਟੀ ਦੇ ਕਾਰਨ ਹਨ। ਜਿਸ ਦੀ ਮਾਨਸਿਕ ਤ੍ਰਿਪਤੀ ਨਹੀਂ ਹੋਈ ਉਹ ਬਿਖੜੇ ਰਾਹਾਂ 'ਤੇ ਭਟਕਦਾ-ਭਟਕਦਾ ਵੈਰਾਨ ਹੋ ਜਾਂਦਾ ਹੈ। ਇਸ ਸੰਬੰਧੀ ਵੱਡੀ ਜਾਗ੍ਰਤੀ ਦੀ ਲੋੜ ਹੈ।

ਪੰਜਵਾਂ ਪੱਖ ਬਹੁਤ ਥਾਈਂ ਦਾਜ-ਦਹੇਜ ਵੀ ਕਾਰਨ ਬਣਦਾ ਹੈ। ਨਵ-ਵਿਆਹੀ ਲੜਕੀ ਨੂੰ ਸੱਸਾਂ, ਨਣਾਨਾਂ, ਦਰਾਣੀਆਂ, ਜੇਠਾਣੀਆਂ ਦੇ ਤਾਹਨੇ ਮੇਹਣੇ ਤੇ ਲੋਕਾਂ ਦੀ ਨੋਕ-ਝੋਕ ਵਾਲੀ ਬਿਰਤੀ ਪਰਿਵਾਰਕ ਦਰਾੜਾਂ ਤੇ ਤਲਾਕ ਦਾ ਕਾਰਨ ਬਣਦੀ ਹੈ। ਕਦੀ ਉਹ ਵੀ ਸਮਾਂ ਸੀ ਜਦ ਸਾਡਾ ਸਮਾਜ ਧੀ ਦੇ ਦਾਨ ਨੂੰ ਸਭ ਤੋਂ ਵੱਡਾ ਦਾਨ ਕਹਿੰਦਾ ਸੀ, ਪਰ ਅੱਜ ਦੇਖੋ ਕਿ ਭਾਵੇਂ ਸਾਰੇ ਤਾਂ ਇਕੋ ਜਿਹੇ ਨਹੀਂ, ਪਰ ਕੁਝ ਪ੍ਰਤੀਸ਼ਤ ਲੋਕ ਮੰਗ ਕੇ, ਤਾਹਨੇ ਮੇਹਣੇ ਦੇ ਕੇ ਦਾਜ ਲੈਂਦੇ ਹਨ। ਇਸ ਲਈ ਲਾਲਚੀ ਬਿਰਤੀ ਤਲਾਕ ਦਾ ਕਾਰਨ ਬਣ ਜਾਂਦੀ ਹੈ। ਇਹ ਸਭਨਾਂ ਦੇ ਆਪਣੇ ਹੱਥ ਹੈ।

ਛੇਵਾਂ ਪੱਖ ਆਰਥਿਕਤਾ ਵੀ ਇਸ ਦਾ ਕਾਰਨ ਬਣ ਰਹੀ ਹੈ। ਪਦਾਰਥਵਾਦੀ ਯੁਗ ਵਿਚ ਜੀਵਨ ਦੀਆਂ ਸੁੱਖ-ਸਹੂਲਤਾਂ ਮਾਨਣਾ ਹਰੇਕ ਦੀ ਭਾਵਨਾ ਹੈ। ਭਾਵੇਂ ਸਾਡੇ ਸਮਾਜ ਵਿਚ ਲੜਕੀਆਂ ਵੀ ਵੱਡੇ ਪੱਧਰ 'ਤੇ ਨੌਕਰੀ ਪੇਸ਼ੇ ਵਾਲੀਆਂ ਹਨ। ਆਤਮ-ਨਿਰਭਰ ਹਨ, ਪਰ ਬਹੁਗਿਣਤੀ ਸਾਧਾਰਨ ਲੋਕਾਂ ਵਿਚ ਨਹੀਂ ਵੀ ਹੈ। ਆਰਥਿਕਤਾ ਦਾ ਧੁਰਾ ਮਰਦ ਨੂੰ ਮੰਨਿਆਂ ਜਾਂਦਾ ਹੈ। ਜਦ ਤੱਕ ਨੌਜਵਾਨ ਲੜਕਾ ਆਪਣਾ ਆਰਥਿਕ ਭਾਰ ਚੁੱਕਣ ਦੇ ਯੋਗ ਨਹੀਂ ਹੁੰਦਾ, ਤਦ ਤੱਕ ਵਿਆਹ ਦੇ ਬੰਧਨ 'ਚ ਮਾਪਿਆਂ ਨੂੰ ਨਹੀਂ ਬੰਨ੍ਹਣਾ ਚਾਹੀਦਾ। ਪੰਜਾਬ ਦੇ ਪਿੰਡਾਂ ਵਿਚ ਮਰਦ ਦਾ ਨਿਖੱਟੂ ਹੋਣਾ, ਵਿਹਲੜ ਹੋਣਾ ਕਦੇ ਵੀ ਚੰਗੇ ਗ੍ਰਿਹਸਤੀ ਜੀਵਨ ਦਾ ਆਧਾਰ ਨਹੀਂ ਬਣ ਸਕਦਾ ਹੈ।

ਅਜੋਕੇ ਭੱਠ ਨੱਠ, ਅਫਰਾ ਤਫਰੀ ਦੇ ਜੀਵਨ ਵਿਚ ਸਹਿਜ, ਸ਼ਾਂਤੀ, ਪਿਆਰ, ਨਿਮਰਤਾ, ਮਿਠਾਸ ਦਾ ਹੋਣਾ ਅਤਿ ਜ਼ਰੂਰੀ ਹੈ। ਬਾਬਾ ਫ਼ਰੀਦ ਜੀ ਨੇ ਫ਼ੁਰਮਾਇਆ ਹੈ -

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆਂ ਮੰਤੁ ॥
ਇਹ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥

ਭਾਵੇਂ ਇਸ ਪ੍ਰਕਰਣ ਦਾ ਭਾਵ ਇਸਤਰੀ ਰੂਪ 'ਚ ਸੰਬੋਧਨ ਹੈ ਕਿ ਕੰਤ ਨੂੰ (ਪ੍ਰਭੂ ਨੂੰ) ਵੱਸ ਕਰਨ ਲਈ ਇਹਨਾਂ ਗੁਣਾਂ ਦਾ ਹੋਣਾ ਜ਼ਰੂਰੀ ਹੈ, ਪਰ ਦੂਜੇ ਪਾਸੇ ਪਰਿਵਾਰਕ ਪੱਧਰ 'ਤੇ ਘਰ ਦੇ ਸਭਨਾਂ ਮੈਂਬਰਾਂ ਵਿਚ ਉਪਰੋਕਤ ਗੁਣ ਹੋਣ ਤਾਂ ਲੜਾਈ ਝਗੜਾ, ਕਲੇਸ਼ ਜਾਂ ਤਲਾਕ ਵਰਗੀ ਸਮੱਸਿਆ ਆਵੇਗੀ ਹੀ ਨਹੀਂ।

ਇਸੇ ਤਰ੍ਹਾਂ ਮੀਆਂ-ਬੀਵੀ ਲਈ ਇਕ ਦੂਜੇ ਦਾ ਵਿਸ਼ਵਾਸ ਜਿੱਤਣਾ ਤੇ ਪੈਦਾ ਕਰਨਾ ਅਤਿ ਜ਼ਰੂਰੀ ਹੈ। ਸ਼ੱਕੀ ਨਗਾਹਾਂ, ਸ਼ੱਕੀ ਸੋਚਾਂ-ਬੇਇਤਬਾਰੀ ਤੇ ਬੇਇਤਫ਼ਾਕੀ ਦੀ ਜੜ੍ਹ ਹਨ।

ਤਲਾਕ ਲੈਣਾ ਜਾਂ ਦੇਣਾ ਸੱਭਿਅਕ ਸਮਾਜ ਦੇ ਮੱਥੇ 'ਤੇ ਕਲੰਕ ਤਾਂ ਹੋ ਹੀ ਨਿਬੜਦਾ ਹੈ, ਪਰ ਇਸ ਨਾਲ ਵੱਡੀ ਪੱਧਰ 'ਤੇ ਦੋਨੋਂ ਪਰਿਵਾਰ ਤਬਾਹ ਵੀ ਹੁੰਦੇ ਹਨ ਅਤੇ ਸਮਾਜ ਵਿਚ ਦੁਬਾਰਾ ਰਿਸ਼ਤਾ ਜੋੜਨਾ ਜਾਂ ਕਰਨਾ ਸੁਖਾਲਾ ਕਾਰਜ ਨਹੀਂ ਹੁੰਦਾ।

ਗ੍ਰਿਹਸਤ ਮਾਰਗ ਸਹਿਜ ਦਾ ਮਾਰਗ ਹੈ, ਪ੍ਰੇਮ ਦਾ ਮਾਰਗ, ਸਹਿਯੋਗ ਦੇਣਾ, ਸਹਿਯੋਗ ਲੈਣਾ। ਜੋ ਸਫਲ ਹਨ ਉਹਨਾਂ ਨੂੰ ਮੁਬਾਰਕਵਾਦ ਹੈ। ਇਕ ਚੰਗੇ ਸਮਾਜ ਦੀ ਸਿਰਜਨਾ ਵਾਸਤੇ ਇਕ ਜੀਵਨ ਮਰਯਾਦਾ ਪਾਲਣੀ ਸਭਨਾਂ ਲਈ ਜ਼ਰੂਰੀ ਹੈ। ਇਸ ਲਈ ਆਪਣੀ, ਮਾਪਿਆਂ ਦੀ, ਕਬੀਲੇ ਦੀ, ਸਮਾਜ ਦੀ ਤੇ ਧਰਮ ਦੀ ਸ਼ਾਨ ਹੈ। ਦਾਨਿਆਂ ਕਿਹਾ ਕਿ ਹੱਥ ਨੂੰ ਹੱਥ ਧੋਂਦਾ ਹੈ। ਇਹੋ ਰਾਜ਼ ਹੈ ਆਪਸੀ ਮਿਲਵਰਤਨ, ਪਿਆਰ, ਸਹਿਨਸ਼ੀਲਤਾ ਦਾ, ਜੇਕਰ ਹੋਵੇ ਤਾਂ ਗ੍ਰਿਹਸਤੀ ਜੀਵਨ ਦਾ ਸਵਰਗ ਹੈ ਅਤੇ ਜੇਕਰ ਇਸ ਦੇ ਉਲਟ ਹੋਵੇ ਤਾਂ ਨਰਕ ਹੈ।

ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

4. ਪਾਠ ਦੇ ਭੋਗ ਅਤੇ ਅੰਤਿਮ ਅਰਦਾਸ : ਬੀਬੀ ਜੀ ਦੀ ਆਤਮਿਕ ਸ਼ਾਂਤੀ ਲਈ ਉਹਨਾਂ ਦੇ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਮਿਤੀ 15 ਮਈ ਸ਼ੁਕਰਵਾਰ ਨੂੰ ਉਹਨਾਂ ਦੇ ਗ੍ਰਿਹ ਅਮਨ ਨਗਰ, ਕਪੂਰਥਲਾ ਵਿਖੇ ਰੱਖੇ ਗਏ। ਗੁਰਦੁਆਰਾ ਦੇਵੀ ਤਾਲਾਬ ਦੇ ਮੁੱਖ ਗ੍ਰੰਥੀ ਦੇ ਪਾਠੀ ਸਿੰਘਾਂ ਦੇ ਜਥੇ ਨੇ ਅਖੰਡ ਪਾਠ ਦੀ ਸੇਵਾ ਬਾਖ਼ੂਬੀ ਨਿਭਾਈ। ਤਿੰਨ ਦਿਨ ਤੱਕ ਗੁਰਬਾਣੀ ਦਾ ਪ੍ਰਵਾਹ ਚਲਦਾ ਰਿਹਾ। ਤੀਜੇ ਦਿਨ ਮਿਤੀ 17 ਮਈ 2015 ਦਿਨ ਐਤਵਾਰ ਨੂੰ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ ਕਿ ਅਕਾਲ ਪੁਰਖ ਪਰਮਾਤਮਾ ਬੀਬੀ ਸੁਰਜੀਤ ਕੌਰ ਜੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ, ਉਹਨਾਂ ਨੂੰ ਜਨਮ ਮਰਨ ਦੇ ਗੇੜ ਤੋਂ ਮੁਕਤ ਕਰੇ ਅਤੇ ਪਿੱਛੇ ਪਰਿਵਾਰ ਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ੇ ! ਅਰਦਾਸ ਉਪਰੰਤ ਚਾਹ ਦੇ ਲੰਗਰ ਤੋਂ ਬਾਅਦ ਸਾਰਿਆਂ ਨੂੰ ਕੀਰਤਨ ਅਤੇ ਅੰਤਿਮ ਅਰਦਾਸ ਲਈ ਗੁਰਦੁਆਰਾ ਸਾਹਿਬ ਪਹੁੰਚਣ ਲਈ ਬੇਨਤੀ ਕੀਤੀ ਗਈ। ਗੁਰਬਾਣੀ ਦੇ ਮਹਾਵਾਕ ਹਨ :

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲ ॥
ਦੇਹੁ ਸਜਨ ਅਸੀਸੜੀਆਂ ਜਿਉ ਹੋਵੈ ਸਾਹਿਬ ਸਿਉ ਮੇਲ ॥
ਕਹੇ ਕਬੀਰ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ ॥
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨਾ ਭਉਜਲਿ ਫੇਰਾ ॥

ਬੀਬੀ ਜੀ ਨਮਿੱਤ ਰਖੇ ਗਏ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਉਸੇ ਦਿਨ ਬਾਅਦ ਦੁਪਹਿਰ 12 ਤੋਂ 2 ਵਜੇ ਤੱਕ ਦੇਵੀ ਤਾਲਾਬ ਗੁਰਦੁਆਰਾ ਸਾਹਿਬ ਵਿਖੇ ਕੀਤੇ ਗਏ। ਇਸ ਮੌਕੇ ਭਾਈ ਇੰਦਰਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਜਥੇ ਨੇ ਰਸਭਿੰਨਾ ਅਤੇ ਵੈਰਾਗਮਈ ਕੀਰਤਨ ਕੀਤਾ। ਕੀਰਤਨ ਦੌਰਾਨ ਸ਼ਬਦ "ਇਹ ਜੋ ਦੁਨੀਆ ਸਹਿਰ ਮੇਲਾ ਦਸਤਗੀਰੀ ਨਾਹੀਂ।" ਸਮੇਂ ਤਾਂ ਭਰੇ ਹਾਲ ਵਿਚ ਸੰਨਾਟਾ ਛਾ ਗਿਆ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਨੇ ਅੰਤਿਮ ਅਰਦਾਸ ਕੀਤੀ ਕਿ ਅਕਾਲ ਪੁਰਖ ਪ੍ਰਮਾਤਮਾ ਬੀਬੀ ਸੁਰਜੀਤ ਕੌਰ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ੇ !

ਸ਼ਰਧਾਂਜਲੀ ਸਮਾਗਮ ਦੀ ਕਾਰਵਾਈ ਡਾ. ਤਰਲੋਕ ਸਿੰਘ ਡੀਨ ਚੰਡੀਗੜ੍ਹ ਯੂਨੀਵਰਸਿਟੀ ਨੇ ਸਟੇਜ ਸੈਕਟਰੀ ਦੇ ਤੌਰ 'ਤੇ ਬਾਖੂਬੀ ਨਿਭਾਈ। ਬੀਬੀ ਜੀ ਪ੍ਰਤੀ ਸ਼ਰਧਾਂਜਲੀ ਭੇਂਟ ਕਰਨ ਆਈਆਂ ਸੰਗਤਾਂ ਨਾਲ ਭਰੇ ਹਾਲ ਵਿਚ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਜਥੇਬੰਦੀਆਂ ਦੇ ਆਗੂ, ਸਿੱਖਿਆ ਸ਼ਾਸਤਰੀ ਅਤੇ ਪ੍ਰਿੰਸੀਪਲ, ਫੌਜੀ, ਪੀ.ਸੀ.ਐਸ., ਪੁਲੀਸ ਦੇ ਆਹਲਾ ਅਫ਼ਸਰ, ਸਿਵਲ ਸਰਜਨ ਅਤੇ ਡਾਕਟਰ, ਬੈਂਕ, ਫੂਡ ਸਪਲਾਈ, ਸਹਿਕਾਰਤਾ ਵਿਭਾਗ ਦੇ ਅਫ਼ਸਰ, ਵਕੀਲ ਅਤੇ ਜੱਜ ਸਾਹਿਬਾਨ, ਵਾਤਾਵਰਣ ਪ੍ਰੇਮੀ, ਸੇਵਾ ਮੁਕਤ ਹੋਏ ਪੈਨਸ਼ਨਰ, ਨਗਰ ਕੌਂਸਲਰ, ਕਰ ਅਤੇ ਆਬਕਾਰੀ ਕਰਮਚਾਰੀ ਅਤੇ ਅਧਿਕਾਰੀ ਵੱਡੀ ਗਿਣਤੀ ਵਿਚ ਹਾਜ਼ਰ ਸਨ। ਇਹਨਾਂ ਵਿਚ ਬਹੁਤ ਸਾਰੇ ਉੱਘੇ ਆਲਿਮ ਫਾਜ਼ਲ ਬੁਲਾਰਿਆਂ ਤੋਂ ਬੋਲਣ ਦਾ ਸਮਾਂ ਨਾ ਦੇਣ ਕਰਕੇ ਮੁਆਫ਼ੀ ਮੰਗੀ ਗਈ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸਰਬਜੀਤ ਸਿੰਘ ਮੱਕੜ, ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ, ਡਾ. ਆਸਾ ਸਿੰਘ ਘੁੰਮਣ, ਪ੍ਰੋ. ਕੁਲਵੰਤ ਸਿੰਘ ਔਜਲਾ, ਚੇਅਰਮੈਨ ਪ੍ਰੀਤਮ ਸਿੰਘ ਸੀਕਰੀ, ਹਰਭਜਨ ਸਿੰਘ ਨੱਡਾ, ਡੀ.ਜੀ.ਐਮ., ਡਾ. ਮਿਹਰ ਸਿੰਘ ਨਡਾਲਾ, ਪ੍ਰੀਤਮ ਸਿੰਘ ਨਾਰੰਗਪੁਰ ਅਤੇ ਹਰਭਜਨ ਸਿੰਘ ਸਾਬਕਾ ਪ੍ਰਧਾਨ ਬ.ਮ.ਸ਼.ਲ. ਫਾਊਂਡੇਸ਼ਨ ਚੰਡੀਗੜ੍ਹ ਅਤੇ ਪ੍ਰੋਫੈਸਰ ਡਾ. ਕਰਨੈਲ ਸਿੰਘ ਪੀ.ਏ.ਯੂ. ਨੇ ਬੀਬੀ ਜੀ ਨੂੰ ਭਾਵ ਭਿੰਨੀ ਸ਼ਰਧਾਂਜ਼ਲੀ ਭੇਂਟ ਕੀਤੀ। ਇਸ ਦੌਰਾਨ ਜ਼ਿਕਰ ਹੋਇਆ ਕਿ ਬੀਬੀ ਜੀ 84 ਸਾਲ ਦਾ ਇਕ ਲੰਮਾ, ਸੱਚਾ-ਸੁੱਚਾ ਅਤੇ ਹਰ ਤਰ੍ਹਾਂ ਨਾਲ ਸਫਲ ਜੀਵਨ ਬਤੀਤ ਕਰਕੇ ਰੱਬ ਨੂੰ ਪਿਆਰੇ ਹੋਏ ਹਨ। ਇਕ ਵੱਡੇ ਅਤੇ ਸਾਂਝੇ ਪਰਿਵਾਰ ਦੀ ਵੱਡੀ ਨੂੰਹ ਹੋਣ ਕਰਕੇ ਪਰਿਵਾਰ ਵਿਚ ਛੋਟੇ ਭੈਣ ਭਰਾਵਾਂ ਪ੍ਰਤੀ ਸਾਰੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ। ਸਮਾਜ ਸੇਵਾ ਲਈ ਹਮੇਸ਼ਾ ਖਿੜੇ ਮੱਥੇ ਆਪਣੇ ਜੀਵਨ ਸਾਥੀ ਦਾ ਸਾਥ ਦਿੱਤਾ। ਪ੍ਰਿੰਸੀਪਲ ਸਾਹਿਬ ਦੀ ਹਰਦਿਲ ਅਜ਼ੀਜ਼ੀ ਤੇ ਸਾਰੀ ਉਮਰ ਕਈ ਇਕ ਰਾਜ ਅਤੇ ਜ਼ਿਲ੍ਹਾ ਪੱਧਰੀ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਰਹਿਣ ਪਿੱਛੇ ਬੀਬੀ ਜੀ ਦੇ ਸ਼ਾਂਤਮਈ, ਮਿੱਠ ਬੋਲੜੇ ਅਤੇ ਸਹਿਯੋਗੀ ਸੁਭਾਅ ਦਾ ਨਿੱਘਰ ਯੋਗਦਾਨ ਸੀ। ਉਹਨਾਂ ਦੀ ਮਹਿਮਾਨ ਨਿਵਾਜ਼ੀ, ਫੁਲ ਬੂਟਿਆਂ ਨਾਲ ਪਿਆਰ ਅਤੇ ਹਰ ਇਕ ਵਿਆਹ ਸ਼ਾਦੀ ਅਤੇ ਖੁਸ਼ੀ ਦੇ ਸਮਾਗਮ ਵਿਚ ਸ਼ਾਮਲ ਹੋ ਕੇ ਢੋਲਕ ਗੀਤ ਸੰਗੀਤ ਅਤੇ ਗਿੱਧਾ ਪਾਉਣ ਲਈ ਉਤਸ਼ਾਹ ਹਮੇਸ਼ਾ ਯਾਦ ਰਹਿਣਗੇ। ਬਹੁਤ ਸਾਰੀਆਂ ਜਥੇਬੰਦੀਆਂ ਵੱਲੋਂ ਆਏ ਸ਼ੋਕ ਮਤੇ ਵੀ ਪੜ੍ਹ ਕੇ ਸੁਣਾਏ ਗਏ। ਪਰਿਵਾਰ ਵੱਲੋਂ ਬੀਬੀ ਜੀ ਨਮਿੱਤ ਦਾਨ ਵਜੋਂ 27000/- ਰੁਪਏ ਗੁਰਧਾਮਾਂ ਨੂੰ ਭੇਂਟ ਕੀਤੇ ਗਏ। ਅੰਤ ਵਿਚ

ਸਾਬਕਾ ਮੰਤਰੀ ਜਗਤਾਰ ਸਿੰਘ ਮੁਲਤਾਨੀ ਨੇ ਕੀਰਤਨੀਏ ਜਥੇ ਦਾ ਅਤੇ ਵੱਡੀ ਗਿਣਤੀ ਵਿਚ ਆ ਕੇ ਪਰਿਵਾਰ ਦੇ ਗੰਮ ਵਿਚ ਸ਼ਰੀਕ ਹੋਣ ਵਾਲੀਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਦੁਪਹਿਰ ਤੋਂ ਚੱਲ ਰਹੇ ਲੰਗਰ ਛੱਕਣ ਤੋਂ ਰਹਿ ਗਏ ਸਾਰੇ ਵੀਰਾਂ ਅਤੇ ਭੈਣਾਂ ਨੂੰ ਲੰਗਰ ਹਾਲ ਵਿਚ ਜਾ ਕੇ ਗੁਰੂ ਕਾ ਲੰਗਰ ਛਕਣ ਲਈ ਬੇਨਤੀ ਕੀਤੀ। ਬਾਬਾ ਮੱਖਣ ਸ਼ਾਹ ਲੁਬਾਣਾ ਵੈਲਫੇਅਰ ਸੁਸਾਇਟੀ ਜਲੰਧਰ, ਅਕਾਲੀ ਦਲ ਕਪੂਰਥਲਾ ਅਤੇ ਗੁਰਦੁਆਰਾ ਦੇਵੀ ਤਾਲਾਬ ਵੱਲੋਂ ਦਾਸ ਨੂੰ ਸਿਰੋਪਾਓ ਪ੍ਰਦਾਨ ਕੀਤੇ ਗਏ। ਅਸੀਂ ਸਭ ਦੇ ਸ਼ੁਕਰ ਗੁਜ਼ਾਰ ਹਾਂ।

ਅਸੀਂ ਅਦਾਰਾ ਅਖ਼ਬਾਰ ਅਜੀਤ ਅਤੇ ਜੱਗ ਬਾਣੀ ਜੋ ਮਿਤੀ 9, 15, 17 ਅਤੇ 19 ਮਈ 2015 ਦੀਆਂ ਅਡੀਸ਼ਨਾਂ ਵਿਚ ਬੀਬੀ ਜੀ ਦੇ ਸੱਚੇ ਸੁੱਚੇ ਜੀਵਨ ਬਾਰੇ ਲਿਖਦੇ ਰਹੇ ਅਤੇ ਸਾਰੇ ਸੰਬੰਧਿਤ ਸਮਾਗਮਾਂ ਦੀਆਂ ਖਬਰਾਂ ਛਾਪਦੇ ਰਹੇ ਦੇ ਵੀ ਧੰਨਵਾਦੀ ਹਾਂ।

(ਚਲਦਾ)

* * * * *

ਗੰਭੀਰ ਸਮੱਸਿਆ ਬਣ ਰਿਹਾ ਹੈ - ਮੋਬਾਇਲ

ਮਾਤਾ ਪਿਤਾ ਵਿਚ ਦਰਾੜ ਪੈਦਾ ਕਰ ਰਿਹਾ ਹੈ ਮੋਬਾਇਲ। ਮੋਬਾਇਲ ਦੀ ਲਤ ਇਸ ਕਦਰ ਭਾਰੀ ਹੋ ਗਈ ਹੈ ਕਿ ਬੱਚਿਆਂ ਕੋਲੋਂ ਮੋਬਾਇਲ ਖੋਹਣ 'ਤੇ ਆਤਮ ਹੱਤਿਆ ਦੀ ਧਮਕੀ ਮਿਲ ਰਹੀ ਹੈ। ਏਨਾ ਹੀ ਨਹੀਂ ਮਾਤਾ-ਪਿਤਾ 'ਤੇ ਸ਼ੋਸ਼ਣ ਦਾ ਇਲਜ਼ਾਮ ਲਗਾ ਕੇ ਅਦਾਲਤ ਵਿਚ ਖੜ੍ਹੇ ਕਰਕੇ ਸਜ਼ਾ ਦਿਵਾਉਣ ਤੱਕ ਨੌਬਤ ਆ ਗਈ ਹੈ। ਪੂਰੇ ਦੇਸ਼ ਵਿਚ ਇਹ ਸਮੱਸਿਆ ਇਕ ਭਿਆਨਕ ਬਿਮਾਰੀ ਵਾਂਗ ਫੈਲ ਚੁੱਕੀ ਹੈ। ਹਰ ਮਹੀਨੇ 10 ਤੋਂ 12 ਕੇਸ ਇਸ ਤਰ੍ਹਾਂ ਦੇ ਸਾਹਮਣੇ ਆ ਰਹੇ ਹਨ ਜਿਨ੍ਹਾਂ ਦੀ ਉਮਰ 14 ਸਾਲ ਤੋਂ ਘੱਟ ਹੈ ਉਨ੍ਹਾਂ ਕੋਲ ਮੋਬਾਇਲ ਦੀ ਲਤ ਇਸ ਤਰ੍ਹਾਂ ਹੈ ਜਿਵੇਂ ਨਸ਼ੇ ਦੀ ਲਤ ਲੱਗੀ ਹੋਵੇ। ਮੋਬਾਇਲ ਖੋਹਣ 'ਤੇ ਬੱਚੇ ਹਿੰਸਕ ਹੋ ਜਾਂਦੇ ਹਨ। ਕਈ ਮਾਮਲੇ ਐਸੇ ਸਾਹਮਣੇ ਆਏ ਹਨ ਕਿ ਬੱਚਿਆਂ ਨੇ ਆਪਣੇ ਮਾਤਾ-ਪਿਤਾ ਦੀ ਝੂਠੀ ਸ਼ਿਕਾਇਤ ਦਰਜ ਕਰਵਾਈ ਹੈ।

(1) ਪਿਤਾ 'ਤੇ ਸੋਸ਼ਣ ਦਾ ਇਲਜ਼ਾਮ।

(2) ਸਕੀ ਮਾਂ ਨੂੰ ਮਾਸੀ ਦੱਸ ਕੇ ਮਾਰ-ਪੀਟ ਦੀ ਸ਼ਿਕਾਇਤ।

(3) ਘਰ ਦਾ ਮਾਹੌਲ ਠੀਕ ਨਹੀਂ ਹੈ ਮੈਨੂੰ ਸੁਧਾਰ ਘਰ ਭੇਜ ਦਿਉ।

ਜਿਹੜੇ ਬੱਚਿਆਂ ਨੂੰ ਮੋਬਾਇਲ ਦੀ ਲਤ ਲੱਗ ਗਈ ਹੈ ਉਹ ਕਿਸੇ ਕਿਸਮ ਦੇ ਰਿਸ਼ਤੇ ਨੂੰ ਵੀ ਪਸੰਦ ਨਹੀਂ ਕਰਦੇ। ਮਾਪਿਆਂ ਨੂੰ ਬੱਚਿਆਂ ਨੂੰ ਸਮਾਂ ਦੇਣਾ ਚਾਹੀਦਾ ਹੈ ਅਤੇ ਆਪ ਵੀ ਇਸ ਦਲਦਲ ਵਿਚ ਖੁੱਭਣ ਤੋਂ ਬਚਣਾ ਚਾਹੀਦਾ ਹੈ।

- ਭਵਨਦੀਪ ਸਿੰਘ

ਅਪੀਲ

ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।

-ਧੰਨਵਾਦ

ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

ਹਰਿ ਹਰਿ ਉਤਮੁ ਨਾਮ ਹੈ ਜਿਨ ਸਿਰਿਆ ਸਭੁ ਕੋਇ ਜੀਉ ॥
ਹਰਿ ਜੀਅ ਸਭੇ ਪ੍ਰਤਿਪਾਲ ਦਾ ਘਟਿ ਘਟਿ ਰਮਈਆ ਸੋਈ ॥

(ਸ੍ਰੀ ਰਾਗ ਮਹਲਾ ੪ ਵਣਜਾਰਾ ਪੰਨਾ ੮੧)

ਇਸ ਤਰ੍ਹਾਂ ਗੁਰਬਾਣੀ ਵਿਚ ਹੋਰ ਭੀ ਕਈ ਥਾਂ ਗੁਰੂ ਸਾਹਿਬਾਨ ਨੇ ਅਤੇ ਭਗਤਾਂ ਨੇ ਵਣਜਾਰਾ ਸ਼ਬਦ ਦਾ ਪ੍ਰਯੋਗ ਕੀਤਾ ਹੈ। ਲੁਬਾਣਾ ਅਤੇ ਵਣਜਾਰਾ ਦੋਹਾਂ ਸ਼ਬਦਾਂ ਦਾ ਇਕੋ ਅਰਥ ਹੈ। ਇਸ ਲਈ ਇਹ ਇਕੋ ਹੀ ਜਾਤੀ ਹੈ। ਇਸ ਦਾ ਇਸ ਤਰ੍ਹਾਂ ਗੁਰੂ ਘਰ ਨਾਲ ਗੁਰਬਾਣੀ ਦੇ ਅਧਾਰ ਤੇ ਸੰਬੰਧ ਜੁੜਦਾ ਹੈ।

ਟਾਂਡਾ

ਇਸੇ ਤਰ੍ਹਾਂ ਟਾਂਡਾ ਸ਼ਬਦ ਭੀ ਗੁਰਬਾਣੀ ਵਿਚ ਕਈ ਥਾਂ ਵਰਤਿਆ ਹੈ। ਵਿਦਵਾਨਾਂ ਨੇ ਟਾਂਡਾ ਸ਼ਬਦ ਦੇ ਅਰਥ ਵਪਾਰੀਆਂ ਦਾ ਡੇਰਾ ਕੀਤੇ ਹਨ, ਅਰਥਾਤ ਵਪਾਰੀਆਂ ਦੀ ਅਬਾਦੀ।

ਭਾਰਤ ਵਿਚ ਬਹੁਤ ਸਾਰੇ ਟਾਂਡਾ ਨਾਮ ਦੇ ਨਗਰ ਹਨ, ਜਿਨ੍ਹਾਂ ਦਾ ਵਿਸ਼ੇਸ਼ ਕਰਕੇ ਲੁਬਾਣਾ ਵਣਜਾਰਾ ਬਰਾਦਰੀ ਦੇ ਨਾਲ ਹੀ ਸੰਬੰਧ ਦੇਖਣ ਵਿਚ ਆਇਆ ਹੈ। ਜਿਸ ਤਰ੍ਹਾਂ ਕਿ ਯੂ.ਪੀ. ਦੇ ਜ਼ਿਲ੍ਹਾ ਫੈਜ਼ਾਬਾਦ ਦਾ ਇਕ ਪ੍ਰਧਾਨ ਨਗਰ ਟਾਂਡਾ ਹੈ, ਜਿੱਥੇ ਸਭ ਵਣਜਾਰੇ ਹੀ ਵੱਸਦੇ ਹਨ ਤੇ ਯੂ.ਪੀ. ਦੇ ਜ਼ਿਲ੍ਹਾ ਪੀਲੀਭੀਤ ਵਿਚ ਇਕ ਬੜਾ ਪ੍ਰਸਿੱਧ ਨਗਰ ਮਾਧੋ ਟਾਂਡਾ ਹੈ। ਇਥੇ ਭੀ ਸਾਰੇ ਲੁਬਾਣੇ ਹੀ ਵਸਦੇ ਹਨ। ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਚ ਇਕ ਮੋਟਾ ਟਾਂਡਾ ਨਾਮ ਕਰਕੇ ਲੁਬਾਣਾ ਬਰਾਦਰੀ ਦਾ ਇਕ ਬਹੁਤ ਵੱਡਾ ਨਗਰ ਸੀ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੁਬਾਣਾ ਬਰਾਦਰੀ ਵੱਸਦੀ ਸੀ। ਜ਼ਿਲ੍ਹਾ ਹੁਸ਼ਿਆਰਪੁਰ ਵਿਚ ਟਾਂਡਾ ਰਾਮ ਸਹਾਏ ਅਤੇ ਟਾਂਡਾ ਚੂਹੜੀਆਂ ਨਾਮ ਦੇ ਨਗਰ ਹਨ। ਰਿਆਸਤ ਜੰਮੂ ਵਿਚ ਤੇ ਜ਼ਿਲ੍ਹਾ ਗੁਰਦਾਸਪੁਰ ਵਿਚ ਭੀ ਕਈ ਟਾਂਡੇ ਹਨ। ਮਾੜੀ ਟਾਂਡਾ, ਜਗੌਚਕ ਟਾਂਡਾ, ਸਿੰਬਲੀ ਟਾਂਡਾ, ਜੋ ਪਾਕਿਸਤਾਨ ਵਿਚ ਚਲਾ ਗਿਆ ਹੈ। ਇਨ੍ਹਾਂ ਟਾਂਡੇ ਨਾਮ ਦੇ ਸਾਰੇ ਨਗਰਾਂ ਵਿਚ ਲੁਬਾਣੇ ਤੇ ਵਣਜਾਰੇ ਵੱਸਦੇ ਹਨ ਅਤੇ ਜਿਹੜੇ ਟਾਂਡੇ ਨਾਮ ਦੇ ਨਗਰ ਪਾਕਿਸਤਾਨ ਵਿਚ ਚਲੇ ਗਏ ਹਨ, ਉਨ੍ਹਾਂ ਸਾਰਿਆਂ ਵਿਚ ਭੀ ਲੁਬਾਣਾ ਬਰਾਦਰੀ ਹੀ ਵਸਦੀ ਸੀ। ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਵਣਜਾਰਾ ਅਤੇ ਟਾਂਡਾ ਦੋਵੇਂ ਸ਼ਬਦ ਵਰਤੇ ਹਨ। ਇਹ ਦੋਵੇਂ ਸ਼ਬਦ ਲਬਾਣਕੀ ਬੋਲੀ ਵਿੱਚੋਂ ਹੀ ਆਏ ਸਿੱਧ ਹੁੰਦੇ ਹਨ। ਭਗਤ ਰਵਿਦਾਸ ਜੀ ਬਨਾਰਸ ਵਿਚ ਹੋਏ ਹਨ। ਉਧਰ ਬਹੁਤ ਵਣਜਾਰੇ ਅਬਾਦ ਸਨ, ਇਸ ਲਈ ਭਗਤ ਜੀ ਨੇ ਵਣਜਾਰੇ ਵਪਾਰੀ ਦੀ ਉਦਾਹਰਣ ਦੇ ਕੇ ਜਗਯਾਸੂ ਵਪਾਰੀ ਨੂੰ ਸੰਬੋਧਨ ਕੀਤਾ ਹੈ। ਕਹਿੰਦੇ ਹਨ – ਕੋਈ ਪ੍ਰਭੂ ਦੇ ਨਾਮ ਦਾ ਵਪਾਰ ਕਰਨ ਵਾਲਾ ਵਪਾਰੀ ਹੈ ਜੋ ਮੇਰਾ (ਟਾਂਡਾ) ਡੇਰਾ ਭੀ ਲੱਦ ਕੇ ਮੈਨੂੰ ਨਾਲ ਲੈ ਚਲੇ, ਤਾਂ ਕਿ ਮੈਨੂੰ ਔਖੀਆਂ ਘਾਟੀਆਂ ਜੋ ਸ਼ਬਦ, ਸਪਰਸ਼, ਰੂਪ, ਰਸ, ਗੰਧ ਹਨ ਇਨ੍ਹਾਂ ਵਿਚੋਂ ਸੌਖਿਆ ਲੰਘਾ ਦੇਵੇ?

ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ।

(ਗਉੜੀ ਭਗਤ ਰਵਿਦਾਸ ਜੀ, ਪੰਨਾ ੩੪੫)

ਨਾਇਕ

ਗੁਰਬਾਣੀ ਵਿਚ ਕਈ ਥਾਂ ਨਾਇਕ ਸ਼ਬਦ ਭੀ ਆਉਂਦਾ ਹੈ। ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚ ਭਗਤ ਰਵਿਦਾਸ ਜੀ ਨੇ ਬੜੇ ਪਿਆਰ ਨਾਲ ਗਉੜੀ ਰਾਗ ਵਿਚ ਪੰਨਾ ੩੪੬ ਤੇ ਉਚਾਰਨ ਕੀਤਾ ਹੈ –

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥

ਨਾਇਕ ਦਾ ਅਰਥ ਹੈ ਸੁਆਸੀ, ਮਾਲਕ, ਸਰਦਾਰ। ਇਹ ਨਾਇਕ ਸ਼ਬਦ ਭੀ ਲੁਬਾਣਾ ਬਰਾਦਰੀ ਦੀ ਮਾਤਰੀ ਬੋਲੀ ਵਿਚੋਂ ਹੀ ਆਇਆ ਪ੍ਰਤੀਤ ਹੁੰਦਾ ਹੈ। ਕਿਉਂਕਿ ਲਬਾਣਕੀ ਬੋਲੀ ਵਿਚ ਨਾਇਕ ਦੇ ਅਰਥ ਹਨ ਸਰਦਾਰ। ਭਾਈ ਕਾਹਨ ਸਿੰਘ ਜੀ ਦੇ ਲਿਖੇ ਅਨੁਸਾਰ ਜੋ ਵਣਜਾਰੇ ਸੌਦਾ ਲੈ ਕੇ ਵਪਾਰ ਕਰਨ ਲਈ ਦੇਸ਼ਾਂਤਰ ਜਾਂਦੇ ਹਨ, ਉਨ੍ਹਾਂ ਦੇ ਸਾਰੇ ਡੇਰੇ ਦੇ ਮੁਖੀ ਨੂੰ ਨਾਇਕ ਕਿਹਾ ਜਾਂਦਾ ਸੀ। ਕੁੱਝ ਸਮਾਂ ਹੋਇਆ ਹੈ ਪੰਜਾਬ ਵਿਚ ਲਬਾਣਕੀ ਬੋਲੀ ਵਿਚ ਨੂੰਹਾਂ ਆਪਣੇ ਸੌਹਰੇ ਬਜ਼ੁਰਗਾਂ ਨੂੰ ਨਾਇਕ ਕਹਿ ਕੇ ਹੀ ਬੁਲਾਉਂਦੀਆਂ ਸਨ। ਯੂ.ਪੀ., ਮਹਾਂਰਾਸ਼ਟਰ ਆਦਿ ਪ੍ਰਾਂਤਾਂ ਵਿਚ ਹੁਣ ਭੀ ਆਪਣੇ ਮੁਖੀ ਜਾਂ ਆਪਣੇ ਬਜ਼ੁਰਗਾਂ ਨੂੰ ਨਾਇਕ ਹੀ ਬੁਲਾਉਂਦੇ ਹਨ। ਉਨ੍ਹਾਂ ਪ੍ਰਾਂਤਾਂ ਵਿਚ ਸਤਿਕਾਰ ਵਜੋਂ ਇਹ ਸ਼ਬਦ ਵਰਤਿਆ ਜਾਂਦਾ ਹੈ। ਭਗਤ ਜੀ ਨੇ ਇਥੇ ਪ੍ਰਮਾਤਮਾ ਨੂੰ ਨਾਇਕ ਸ਼ਬਦ ਨਾਲ ਸੰਬੋਧਨ ਕੀਤਾ ਹੈ।

ਚਲਦਾ

* * * * *

ਦੁਨੀਆਂ ਇਕ ਅਜਿਹੀ ਕਚਹਿਰੀ ਹੈ, ਜਿਥੇ ਹਰ ਰੋਜ਼ ਹਰ ਕੋਈ ਸਫ਼ਾਈ ਦਿੰਦਾ ਹੀ ਨਜ਼ਰ ਆਉਂਦਾ ਹੈ।

ਜ਼ਰੂਰੀ ਹੈ ਮਾਪਿਆਂ ਦਾ ਬੱਚਿਆਂ ਨਾਲ ਵਕਤ ਬਿਤਾਉਣਾ



ਮਨੁੱਖ ਨੂੰ ਵੱਧਣ ਫੁੱਲਣ, ਖੁਸ਼ਹਾਲ ਰਹਿਣ ਲਈ ਜਿੰਨੀ ਸਾਹ, ਖਾਣੇ ਪਾਣੀ, ਦੀ ਜ਼ਰੂਰਤ ਹੈ ਓਨੀਂ ਹੀ ਮਾਨਸਿਕ ਸਿਹਤ ਲਈ ਅਪਣੱਤ, ਪਿਆਰ, ਮੋਹ ਦੀਆਂ ਤੰਦਾਂ ਦੀ ਵੀ ਲੋੜ ਰਹਿੰਦੀ ਹੈ। ਭਾਵਨਾਵਾਂ ਦੇ ਵਹਾਅ ਨੂੰ ਚੱਲਦਾ ਰੱਖਣ ਲਈ ਆਪਣਿਆਂ ਲਈ ਥੋੜ੍ਹਾ ਜਿਹਾ ਪਿਆਰ, ਸਤਿਕਾਰ, ਪਰਵਾਹ, ਫਿਕਰ ਵੀ ਜ਼ਰੂਰੀ ਹੈ। ਇਹ ਸਾਰੀਆਂ ਭਾਵਨਾਵਾਂ ਹੱਸੇ ਠੱਠੇ, ਰੁੱਸਣਾ ਮਨਾਉਣਾ ਮਨੱਖੀ ਜੀਵਨ ਵਿੱਚ ਤਾਜ਼ਗੀ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹਨ। ਪਿਆਰ, ਸਨੇਹ ਦੀ ਗੱਲਾਂ ਜਿੱਥੇ ਸਹਿਮੇ ਹੋਏ ਦਿਲਾਂ ਨੂੰ ਧਰਵਾਸ ਦੇ ਫਿਰ ਤੋਂ ਧੜਕਣਾਂ ਲਾ ਦਿੰਦੀਆਂ ਉੱਥੇ ਜ਼ਿੰਦਗੀ ਤੋਂ ਮੂੰਹ ਫੇਰੀ ਬੈਠਿਆ ਨੂੰ ਦੁਬਾਰਾ ਜੀਣ ਲਈ ਉਕਸਾਉਂਦੀਆਂ ਹਨ।

ਅਸੀਂ ਤਰੱਕੀ ਦੇ ਰਾਹ ਤੇ ਤੁਰ ਰਹੇ ਹਾਂ, ਇਸਦੇ ਚੱਲਦਿਆਂ ਸਾਡਾ ਜੀਵਨ ਜਿਉਣ ਦੇ ਢੰਗ ਬਦਲ ਰਹੇ ਹਨ, ਸਾਡੀਆਂ ਕਦਰਾਂ ਕੀਮਤਾਂ ਬਦਲ ਰਹੀਆਂ ਹਨ ਅਤੇ ਸਾਡੀਆਂ ਤਰਜੀਹਾਂ ਬਦਲ ਰਹੀਆਂ ਹਨ। ਤਿਉਹਾਰਾਂ ਨੂੰ ਮਨਾਉਣ ਦੇ ਤਰੀਕੇ ਬਦਲ ਰਹੇ ਹਨ, ਬੱਚਿਆਂ ਦੀਆਂ ਖੇਡਾਂ ਬਦਲ ਰਹੀਆਂ ਹਨ, ਸਭ ਤੋਂ ਵੱਡੀ ਗੱਲ ਇਨਸਾਨੀ ਸੁਭਾਅ ਬਦਲ ਰਹੇ ਹਨ। ਅੱਜ ਮਨੁੱਖ ਆਪਣੀ ਤਰੱਕੀ, ਪੈਸੇ ਨੂੰ ਤਰਜੀਹ ਦੇ ਰਿਹਾ ਹੈ, ਇਸ ਦੌੜ ਵਿੱਚ ਉਹ ਪਿੱਛੇ ਕੀ ਕੁਝ ਛੱਡੀ ਜਾ ਰਿਹਾ ਹੈ, ਉਸਦਾ ਅਹਿਸਾਸ ਉਸਨੂੰ ਸਮਾਂ ਲੰਘੇ ਤੋਂ ਹੋ ਰਿਹਾ ਹੈ ਤੇ ਕੁਝ ਨੂੰ ਹੋਵੇਗਾ।

ਯੂਨੀਸੈੱਫ (UNICEF) ਦੇ ਇੱਕ ਸਰਵੇਖਣ ਦੇ ਅਨੁਸਾਰ ਆਉਣ ਵਾਲਾ ਸਮਾਂ ਬੱਚਿਆਂ ਦੀ ਮਾਨਸਿਕ ਸਿਹਤ ਲਈ ਬਹੁਤ ਚਨੌਤੀਆਂ ਭਰਭੂਰ ਹੋਵੇਗਾ, ਇਸ ਸਰਵੇਖਣ ਦੀ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਨਬਾਲਗ ਅਤੇ ਬਾਲਗ ਬੱਚੇ ਇਕੱਲਤਾ ਦੇ ਸ਼ਿਕਾਰ ਹੋ ਮਾਨਸਿਕ ਬਿਮਾਰੀਆਂ ਨਾਲ ਜੂਝਣਗੇ ਜਿਸ ਦਾ ਸਭ ਦਾ ਸਭ ਤੋਂ ਵੱਡਾ ਕਾਰਣ ਪਰਿਵਾਰ ਵਿੱਚ ਸੰਚਾਰ ਪਾੜਾ (Commuincaiton Gap) ਹੋਵੇਗਾ। ਜੋ ਇਸ ਸਰਵੇਖਣ ਵਿੱਚ ਸੰਕੇਤ ਦਿੱਤੇ ਗਏ ਹਨ, ਉਸਦੇ ਚਿੰਨ ਸਾਨੂੰ ਨਜ਼ਰ ਆ ਰਹੇ ਹਨ। ਅੱਜ ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਦੀ ਬੇਰੁਖੀ, ਅਨੁਸ਼ਾਸਣਹੀਣਤਾ, ਖਾਣਾ ਨਾ ਖਾਣ, ਮੋਬਾਇਲ ਜ਼ਿਆਦਾ ਵਰਤਣ, ਆਦਿ ਆਦਤਾਂ ਤੋਂ ਪਰੇਸ਼ਾਨ ਨਜ਼ਰ ਆਉਂਦੇ ਹਨ। ਬਹੁਤ ਸਾਰੇ ਬੱਚੇ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਨ, ਕਈ ਵਾਰ ਇਹ ਬਿਮਾਰੀਆਂ ਆਪਣੀ ਆਖਰੀ ਹੱਦ ਤੱਕ ਪਹੁੰਚ ਜਾਂਦੀਆਂ ਹਨ ਅਤੇ ਆਤਮਹੱਤਿਆ ਦੇ ਰੂਪ ਵਿੱਚ ਜਵਾਨ ਬੱਚੇ ਬੱਚੀਆਂ ਦੇ ਜੀਵਨ ਨੂੰ ਖਾ ਜਾਂਦੀਆਂ ਹਨ।

ਇਹਨਾਂ ਸਭ ਹਲਾਤਾਂ ਦਾ ਮੁੱਖ ਕਾਰਨ ਬੱਚਿਆਂ ਨੂੰ ਅਪਣੱਤ ਦੀ ਪਈ ਘਾਟ ਹੈ। ਭਾਵੇਂ ਮਾਪੇ ਆਪਣੇ ਅਤੇ ਆਪਣੇ ਬੱਚੇ ਦੇ ਸੁਖਦ ਤੇ ਐਸ਼ੋ ਆਰਾਮ ਲਈ ਦਿਨ ਰਾਤ ਮਿਹਨਤ ਕਰਦੇ ਹੋਣ, ਪਰ ਇਸ ਸਭ ਦੇ ਚੱਲਦਿਆਂ ਬੱਚਿਆਂ ਦੀਆਂ ਭਾਵਨਾਤਮਕ ਲੋੜਾਂ ਨੂੰ ਅੱਖੋਂ ਪਰੋਖਿਆਂ ਕਰ ਦਿੰਦੇ ਹਨ। ਮਾਪੇ ਸਵੇਰ ਤੋਂ ਦਫਤਰਾਂ ਵਿੱਚ ਬੱਚੇ ਸਕੂਲ ਵਿੱਚ, ਸ਼ਾਮ ਨੂੰ ਖਾਣਾ ਖਾ ਸਾਰੇ ਆਪੋ ਆਪਣਿਆਂ ਕਮਰਿਆਂ ਵਿੱਚ ! ਅੱਜ ਬਹੁਤਾਤ ਜ਼ਿੰਦਗੀਆਂ ਇਸੇ ਰੂਟੀਨ ਦੇ ਅਨੁਸਾਰ ਚੱਲ ਰਹੀਆਂ ਹਨ।

ਪਰਿਵਾਰਾਂ ਦਾ ਆਪਸ ਵਿੱਚ ਬੈਠ ਗੱਲਾਂ ਕਰਨੀਆਂ, ਹਾਸੇ ਠੱਠੇ, ਰਿਸ਼ਤੇਦਾਰਾਂ ਦਾ ਇਕੱਠੇ ਹੋਣਾ, ਇੱਕ ਦੂਸਰਿਆਂ ਦੀਆਂ ਮੁਸ਼ਕਿਲਾਂ ਨੂੰ ਸੁਣਨਾ, ਸਮਝਣਾ, ਆਦਿ ਸਭ ਪਿੱਛੇ ਛੁੱਟਦਾ ਜਾ ਰਿਹਾ ਹੈ। ਇਸ ਸਭ ਵਿੱਚ ਬੱਚੇ ਸਭ ਤੋਂ ਵੱਡੀ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ। ਬੱਚਿਆਂ ਨੂੰ ਮਾਪਿਆਂ ਦੇ ਸਮੇਂ ਅਤੇ ਸਾਥ ਦੀ ਬਹੁਤ ਜ਼ਰੂਰਤ ਹੁੰਦੀ ਹੈ। ਜੇਕਰ ਮਾਪੇ ਆਪਣੇ ਬੱਚੇ ਨੂੰ ਸਮਾਂ ਨਹੀਂ ਦੇ ਰਹੇ ਤਾਂ ਮਾਪਿਆਂ ਕੋਲ ਬੱਚੇ ਤੋਂ ਕਿਸੇ ਵੀ ਤਰ੍ਹਾਂ ਦੀ ਆਸ ਰੱਖਣ ਅਤੇ ਉਸਦੇ ਗਲਤ ਵਿਵਹਾਰ ਦੀ ਚਿੰਤਾਂ ਜ਼ਾਹਿਰ ਕਰਨ ਦਾ ਕੋਈ ਹੱਕ ਨਹੀਂ ਰਹਿ ਜਾਂਦਾ। ਬੱਚੇ ਨੂੰ ਪੂਰਾ ਸਮਾਂ ਦੇਣਾ, ਉਸਦੀਆਂ ਆਰਥਿਕ ਅਤੇ ਭਾਵਨਾਤਮਿਕ ਜਰੂਰਤਾਂ ਦਾ ਧਿਆਨ ਰੱਖਣਾ, ਉਸਦੀਆਂ ਮੁਸ਼ਕਿਲਾਂ ਨੂੰ ਸੁਣਨਾ ਤੇ ਹੱਲ ਕਰਨਾ, ਮਾਪਿਆਂ ਦੀ ਪਹਿਲੀ ਜ਼ਿੰਮੇਵਾਰੀ ਹੈ। ਜਿਸ ਤੇਜ਼ ਰਫ਼ਤਾਰ ਨਾਲ ਮਾਨਸਿਕ ਬਿਮਾਰੀਆਂ ਵੱਧ ਰਹੀਆਂ ਹਨ, ਅਜਿਹੇ ਵਿੱਚ ਮੈਨੂੰ ਲੱਗਦਾ ਹੈ ਕਿ ਚਾਰ ਪੈਸੇ ਘੱਟ ਨਾਲ ਤਾਂ ਗੁਜ਼ਾਰਾ ਹੋ ਸਕਦਾ ਪਰੰਤੂ ਜਿਸ ਪੀੜਾ ਵਿੱਚ ਬੱਚੇ ਨਿਕਲਦੇ ਹਨ, ਉਹ ਬਹੁਤ ਭਿਆਨਕ ਹੈ। ਬੱਚਿਆਂ ਦਾ ਜ਼ਿੰਦਗੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਜੀਵਨ ਤੋਂ ਮਨ ਚੁੱਕਿਆ ਜਾਂਦਾ ਹੈ, ਉਦਾਸ, ਚਿੰਤਾਤੁਰ , ਮੁਰਝਾਏ ਚਿਹਰਿਆਂ ਤੋਂ ਰੌਣਕਾਂ ਉੱਡੀਆਂ ਰਹਿੰਦੀਆਂ ਹਨ। ਇਸਦਾ ਇੱਕ ਹੋਰ ਕਾਰਣ ਵੀ ਹੈ, ਜਿਸ ਵਿੱਚ ਮਾਪੇ ਬੱਚਿਆਂ ਤੋਂ ਬਹੁਤ ਜਿਆਦਾ ਇਛਾਵਾਂ ਰੱਖ ਲੈਂਦੇ ਹਨ, ਪਰ ਉਹਨਾਂ ਨੂੰ ਪੂਰਿਆਂ ਕਰਨ ਲਈ ਉਹਨਾਂ ਦਾ ਸਾਥ ਨਹੀਂ ਦਿੱਤਾ ਜਾਂਦਾ ਬਸ ਨਤੀਜੇ ਮੰਗੇ ਜਾਂਦੇ ਹਨ। ਇਸ ਨਾਲ ਬੱਚਿਆਂ ਤੇ ਮਾਨਸਿਕ ਬੋਝ ਵੱਧਦਾ ਹੈ, ਅਤੇ ਬੱਚੇ ਉਦਾਸ, ਚਿੜਚਿੜੇ ਅਤੇ ਨਾਖੁਸ਼ ਰਹਿਣ ਲੱਗਦੇ ਹਨ।

ਮਾਪਿਆਂ ਨੂੰ ਇਹ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਬੱਚੇ ਸਿਰਫ਼ ਉਹਨਾਂ ਦੇ ਪਰਿਵਾਰ ਦਾ ਹੀ ਹਿੱਸਾ ਨਹੀਂ ਬਲਕਿ ਸਮਾਜ ਦਾ ਵੀ ਹਿੱਸਾ ਹਨ। ਅਜਿਹੇ ਬੱਚੇ ਜੋ ਮਾਨਸਿਕ ਤੌਰ 'ਤੇ ਪਰੇਸ਼ਾਨ ਹੋਣਗੇ ਉਹ ਭਵਿੱਖ ਵਿੱਚ ਇੱਕ ਚੰਗੇ ਸਮਾਜ ਦਾ ਨਿਰਮਾਣ ਕਿਵੇਂ ਕਰਨਗੇ? ਇੱਕ ਚੰਗੇ ਸਮਾਜ ਦੀ ਸਿਰਜਣਾ ਲਈ ਚੰਗੇ ਬੱਚਿਆਂ ਦਾ ਹੋਣਾ ਬਹੁਤ ਜ਼ਰੂਰੀ ਹੈ, ਤਾਂ ਜੋ ਭਵਿੱਖ ਵਿੱਚ ਉਹ ਸਮਾਜ ਦੀ ਬਿਹਤਰੀ ਲਈ ਸੋਚ ਸਕਣ। ਬੱਚਿਆਂ ਨੂੰ ਪੈਦਾ ਕਰਨ ਤੋਂ ਬਾਅਦ ਉਹਨਾਂ ਦੀ ਹਰ ਆਰਥਿਕ ਅਤੇ ਭਾਵਨਾਤਮਕ ਲੋੜ ਦਾ ਧਿਆਨ ਰੱਖਿਆ ਜਾਵੇ, ਉਹਨਾਂ ਦੇ ਦਿਲ ਨੂੰ ਫਰੋਲਿਆ ਜਾਵੇ, ਇਹਨਾਂ ਮੁਰਝਾਏ ਚਿਹਰਿਆਂ ਦੀ ਰੰਗਤ ਵਾਪਿਸ ਲਿਆਉਣ ਦਾ ਆਸਾਨ ਤਰੀਕਾ ਇਹੀ ਹੈ ਕਿ ਸਮਾਂ ਰਹਿੰਦਿਆਂ ਬੱਚਿਆਂ ਨੂੰ ਅਪਣੱਤਾ ਨਾਲ ਪਾਲਿਆ ਜਾਵੇ, ਉਹਨਾਂ ਦੀ ਹੌਸਲਾ ਅਫਜਾਈ ਕੀਤੀ ਜਾਵੇ, ਚੰਗੇ ਮਾੜੇ ਦੀ ਪਰਖ ਕਰਨੀ ਸਿਖਾਈ ਜਾਵੇ ਤੇ ਹਰ ਕਦਮ ਤੇ ਉਹਨਾਂ ਦਾ ਸੁਰੱਖਿਆ ਕਵਚ ਬਣ ਨਾਲ ਖੜਿਆ ਜਾਵੇ। ਇਸ ਲਈ ਮਾਪਿਆਂ ਦਾ ਬੱਚਿਆਂ ਨਾਲ ਸਮਾਂ ਬਿਤਾਉਣਾ ਬਹੁਤ ਜ਼ਰੂਰੀ ਹੈ, ਤਾਂ ਜੋ ਬੱਚਿਆਂ ਦਾ ਸਰਵਪੱਖੀ ਵਿਕਾਸ ਸੰਭਵ ਹੋ ਸਕੇ।

ਹਰਕੀਰਤ ਕੌਰ, ਮੋ. 97791-18066


ਕਿੱਧਰ ਗਈਆਂ ਚਾਟੀਆਂ ਤੇ ਮਧਾਣੀਆਂ?

ਹਰਜਿੰਦਰ ਸਿੰਘ

ਪਰਿਵਰਤਨ ਮਨੁੱਖੀ ਜੀਵਨ ਦੀ ਇਕ ਅਹਿਮ ਪ੍ਰਕਿਰਿਆ ਹੈ। ਸਮੇਂ ਦੇ ਨਾਲ ਮਨੁੱਖੀ ਜਿਊਣ ਢੰਗ ਅਤੇ ਮਨੁੱਖੀ ਕਾਰ ਵਿਹਾਰ ਵਿਚ ਪਰਿਵਰਤਨ ਆਉਣਾ ਸੁਭਾਵਿਕ ਹੈ। ਜਿਉਂ ਜਿਉਂ ਸਮੇਂ ਦੀ ਚਾਲ ਨਾਲ ਮਨੁੱਖੀ ਜੀਵਨ ਦਾ ਵਿਕਾਸ ਹੋਇਆ ਹੈ, ਤਿਉਂ-ਤਿਉਂ ਅਜਿਹੀਆਂ ਕਈ ਕਾਢਾਂ ਅਤੇ ਖੋਜਾਂ ਹੋਈਆਂ ਹਨ, ਜਿਨ੍ਹਾਂ ਨਾਲ ਮਨੁੱਖੀ ਜੀਵਨ ਦਾ ਵਰਤਾਰਾ ਵੀ ਬਦਲ ਗਿਆ ਹੈ। ਪਹਿਲੇ ਸਮਿਆਂ ਦੌਰਾਨ ਜਿਥੇ ਕਿਸੇ ਕੰਮ ਨੂੰ ਕਰਨ ਲਈ ਕਾਫੀ ਸਮਾਂ ਲੱਗ ਜਾਂਦਾ ਸੀ, ਅੱਜ ਦੇ ਸਮੇਂ ਦੌਰਾਨ ਓਹੀ ਕੰਮ ਤਕਨੀਕ ਦੇ ਵਿਕਾਸ ਨਾਲ ਮਿੰਟਾਂ-ਸਕਿੰਟਾਂ ਦੀ ਖੇਡ ਬਣ ਗਿਆ ਹੈ। ਪਰਿਵਰਤਨ ਦੇ ਮਨੁੱਖ ਨੂੰ ਜਿਥੇ ਕਈ ਲਾਭ ਹੋਏ ਹਨ, ਉਥੇ ਇਸ ਦੀਆਂ ਕਈ ਹਾਨੀਆਂ ਵੀ ਹੋਈਆਂ ਹਨ। ਸਮੇਂ ਦੇ ਬਦਲਾਅ ਅਤੇ ਅਤਿ-ਆਧੁਨਿਕ ਰੰਗਤ ਨੇ ਮਨੁੱਖੀ ਜੀਵਨ ਨੂੰ ਆਪਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਤੋਂ ਦੂਰ ਕਰ ਦਿੱਤਾ ਹੈ। ਚਾਟੀਆਂ, ਮਧਾਣੀਆਂ, ਕੂੰਡੇ, ਗਾਗਰਾਂ, ਤੌੜੀਆਂ, ਘੜੇ, ਛੱਜ, ਪੱਖੀਆਂ ਆਦਿ ਜੋ ਪਹਿਲਾਂ ਮਨੁੱਖੀ ਜੀਵਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਸਨ, ਅੱਜ ਦੇ ਸਮੇਂ ਦੌਰਾਨ ਇਹ ਸਾਰੀਆਂ ਚੀਜ਼ਾਂ ਸਿਰਫ ਅਜਾਇਬ ਘਰਾਂ, ਵਿਰਾਸਤੀ ਥਾਵਾਂ ਅਤੇ ਨੁਮਾਇਸ਼ਾਂ ਵਿਚ ਰੱਖਣ ਦੀਆਂ ਚੀਜ਼ਾਂ ਬਣ ਗਈਆਂ ਹਨ।

ਪਹਿਲੇ ਸਮੇਂ ਦੌਰਾਨ ਔਰਤਾਂ ਤੜਕੇ ਉੱਠ ਕੇ ਹੱਥੀਂ ਦੁੱਧ ਰਿੜਕਦੀਆਂ ਸਨ। ਲੋਕ ਸਵੇਰ ਵੇਲੇ ਦੁੱਧ, ਦਹੀਂ ਅਤੇ ਅੱਧ-ਰਿੜਕਾ ਪੀਂਦੇ ਹੁੰਦੇ ਸਨ। ਚਾਹ ਨੂੰ ਉਸ ਸਮੇਂ ਕੋਈ ਜਾਣਦਾ ਹੀ ਨਹੀਂ ਸੀ। ਇਸੇ ਕਰਕੇ ਥਕਾਵਟ ਉਨ੍ਹਾਂ ਦੇ ਨੇੜੇ ਨਹੀਂ ਆਉਂਦੀ ਸੀ। ਪਰ ਹੁਣ ਦੇ ਸਮੇਂ ਦੌਰਾਨ ਲੋਕ ਸਵੇਰ ਵੇਲੇ ਚਾਹ ਅਤੇ ਬਰੈੱਡ ਆਦਿ ਦਾ ਹੀ ਸੇਵਨ ਕਰਦੇ ਹਨ। ਚਾਟੀ ਦੀ ਲੱਸੀ ਅਤੇ ਮੱਖਣ ਦਾ ਸਵਾਦ ਅੱਜ ਵੀ ਭੁਲਾਇਆਂ ਨਹੀਂ ਭੁੱਲਦਾ। ਪਰ ਹੌਲੀ ਹੌਲੀ ਹੱਥੀਂ ਦੁੱਧ ਰਿੜਕਣ ਦੀ ਜਗ੍ਹਾ ਬਿਜਲੀ ਦੀਆਂ ਮਧਾਣੀਆਂ ਨੇ ਲੈ ਲਈ। ਇਸੇ ਤਰ੍ਹਾਂ ਦਾਣੇ ਛੱਟਣ ਲਈ ਵਰਤਿਆ ਜਾਣ ਵਾਲਾ ਛੱਜ ਵੀ ਸਿਰਫ ਸੱਭਿਆਚਾਰਕ ਪ੍ਰੋਗਰਾਮਾਂ ਦਾ ਹਿੱਸਾ ਬਣਦਾ ਜਾ ਰਿਹਾ ਹੈ। ਨਵੀਆਂ ਕੁੜੀਆਂ ਛੱਜ ਦੁਆਰਾ ਦਾਣੇ ਛੱਟਣ ਤੋਂ ਕਿਨਾਰਾ ਕਰ ਰਹੀਆਂ ਹਨ। ਪੰਜਾਬ ਦੇ ਅਮੀਰ ਸੱਭਿਆਚਾਰ ਅਤੇ ਵਿਰਸੇ ਵਿਚੋਂ ਕਈ ਅਹਿਮ ਚੀਜ਼ਾਂ ਅੱਜ ਗਾਇਬ ਹੋ ਚੁੱਕੀਆਂ ਹਨ। ਸਾਡੇ ਉੱਪਰ ਪੱਛਮੀ ਰੰਗ-ਢੰਗ ਏਨਾ ਭਾਰੂ ਹੋ ਗਿਆ ਹੈ ਕਿ ਸਾਡੇ ਕਾਰ-ਵਿਹਾਰ, ਹਾਰ-ਸ਼ਿੰਗਾਰ, ਪਹਿਰਾਵਾ, ਖਾਣ-ਪੀਣ, ਰਸਮੋਂ-ਰਿਵਾਜ਼, ਰਹਿਣ-ਸਹਿਣ ਸਭ ਬਦਲ ਗਏ ਹਨ। ਸਾਡੇ ਅਮੀਰ ਸੱਭਿਆਚਾਰ ਉੱਪਰ ਪੱਛਮੀ ਸੱਭਿਆਚਾਰ ਦਾ ਬਹੁਤ ਪ੍ਰਭਾਵ ਪੈ ਰਿਹਾ ਹੈ ਅਤੇ ਅਸੀਂ ਆਪਣੇ ਸੱਭਿਆਚਾਰ ਦੀ ਪ੍ਰਵਾਹ ਕੀਤੇ ਬਿਨਾਂ ਪੱਛਮੀ ਸੱਭਿਆਚਾਰ ਨੂੰ ਅਪਣਾ ਰਹੇ ਹਾਂ।

ਭਾਵੇਂ ਅਸੀਂ ਇਨ੍ਹਾਂ ਵਿਰਾਸਤੀ ਚੀਜ਼ਾਂ ਨੂੰ ਆਪਣੇ ਘਰਾਂ ਵਿਚੋਂ ਕੱਢ ਦਿੱਤਾ ਹੈ ਪਰ ਅੱਜ ਵੱਡੇ-ਵੱਡੇ ਢਾਬੇ ਜਾਂ ਰੈਸਟੋਰੈਂਟ ਇਨ੍ਹਾਂ ਚੀਜ਼ਾਂ ਨੂੰ ਨੁਮਾਇਸ਼ ਵਜੋਂ ਸਜਾ ਕੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਤ ਕਰ ਰਹੇ ਹਨ ਅਤੇ ਇਨ੍ਹਾਂ ਵਿਰਾਸਤੀ ਚੀਜ਼ਾਂ ਦੀ ਮਦਦ ਨਾਲ ਉਹ ਲੱਖਾਂ ਰੁਪਏ ਕਮਾ ਰਹੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਜੇ ਅਸੀਂ ਉਨ੍ਹਾਂ ਢਾਬਿਆਂ ਜਾਂ ਰੈਸਟੋਰੈਂਟਾਂ ਵਿਚ ਜਾ ਕੇ ਪੰਜਾਬੀ ਖਾਣੇ ਅਤੇ ਵਿਰਸੇ ਉੱਤੇ ਮਾਣ ਮਹਿਸੂਸ ਕਰਦੇ ਹਾਂ ਤਾਂ ਅਸੀਂ ਇਨ੍ਹਾਂ ਨੂੰ ਆਪਣੇ ਘਰਾਂ ਵਿਚੋਂ ਕਿਉਂ ਕੱਢ ਰਹੇ ਹਾਂ? ਅਸੀਂ ਇਨ੍ਹਾਂ ਵਿਰਾਸਤੀ ਵਸਤਾਂ ਨੂੰ ਆਪਣੇ ਘਰਾਂ ਵਿਚ ਕਿਉਂ ਨਹੀਂ ਸਜਾ ਸਕਦੇ? ਆਓ, ਅਸੀਂ ਸਾਰੇ ਮਿਲ ਕੇ ਆਪਣੇ ਵਿਰਸੇ ਅਤੇ ਸੱਭਿਆਚਾਰ ਨੂੰ ਸੰਭਾਲਣ ਦੀ ਕੋਸ਼ਿਸ਼ ਕਰੀਏ। ਸਮੇਂ ਨਾਲ ਬਦਲਾਅ ਹੋਣਾ ਸੁਭਾਵਿਕ ਹੈ ਪਰ ਆਪਣੇ ਸੱਭਿਆਚਾਰ ਨੂੰ ਪੂਰੀ ਤਰ੍ਹਾਂ ਵਿਸਾਰ ਕੇ ਕੋਈ ਕੌਮ ਤਰੱਕੀ ਨਹੀਂ ਕਰ ਸਕਦੀ। ਇਸੇ ਕਰਕੇ ਸਾਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਦੀ ਕਦਰ ਕਰਦੇ ਹੋਏ ਇਸ ਨੂੰ ਸੰਭਾਲਣ ਦੇ ਯਤਨ ਕਰਨੇ ਚਾਹੀਦੇ ਹਨ।



ਜੀਵਨ ਤੇ ਅਨੁਸ਼ਾਸ਼ਨ



ਅਨੁਸ਼ਾਸ਼ਨ ਹਰ ਸਭਿਅਕ ਸਮਾਜ ਦੀ ਨੀਂਹ ਹੁੰਦਾ ਹੈ। ਕੁਦਰਤ ਵੀ ਅਨੁਸ਼ਾਸ਼ਨ ਵਿਚ ਬੱਝੀ ਹੋਈ ਹੈ। ਧਰਤੀ, ਪਾਣੀ, ਹਵਾ, ਰੁੱਤਾਂ, ਦਿਨ-ਰਾਤ, ਸੂਰਜ, ਚੰਨ, ਤਾਰੇ ਸਭ ਅਨੁਸ਼ਾਸ਼ਨ ਵਿਚ ਬੱਝੇ ਹੋਏ ਹਨ। ਅਨੁਸ਼ਾਸ਼ਨ ਮਨੁੱਖੀ ਜੀਵਨ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਜੀਵਨ ਨੂੰ ਸਹੀ ਸੇਧ ਦਿੰਦਾ ਹੈ ਤੇ ਜੀਵਨ ਤੇ ਨਿਯੰਤਰਣ ਰੱਖਦਾ ਹੈ। ਇਹ ਮਨੁੱਖੀ ਚਰਿੱਤਰ ਦੀ ਰੀੜ ਦੀ ਹੱਡੀ ਕਹਿ ਲਿਆ ਜਾਏ ਤਾਂ ਅਤਿਕਥਨੀ ਨਹੀਂ ਹੋਵੇਗੀ। ਅਨੁਸ਼ਾਸ਼ਨ ਤੋਂ ਬਿਨਾਂ ਜ਼ਿੰਦਗੀ ਅਰਥਹੀਣ ਤੇ ਨੀਰਸ ਹੁੰਦੀ ਹੈ। ਅਨੁਸ਼ਾਸ਼ਨ ਤੋਂ ਭਾਵ ਕੁਝ ਵਿਸ਼ੇਸ਼ ਨਿਯਮਾਂ ਦੀ ਪਾਲਣਾ ਕਰਦੇ ਹੋਏ ਕਾਰਜਾਂ ਨੂੰ ਪੂਰਾ ਕਰਨਾ ਹੁੰਦਾ ਹੈ। ਅਨੁਸ਼ਾਸ਼ਨ ਕਰਤੱਵਾਂ ਦੀ ਪਾਲਣਾ, ਜ਼ਿੰਮੇਵਾਰੀ ਦੀ ਭਾਵਨਾ, ਆਪਣੇ ਹਿੱਤਾਂ ਦੀ ਰਾਖੀ ਕਰਨਾ ਅਤੇ ਦੂਜਿਆਂ ਲਈ ਜੀਵਨ ਸੁਖਾਲਾ ਕਰਨ ਦੀ ਯੋਗਤਾ ਪ੍ਰਦਾਨ ਕਰਦਾ ਹੈ। ਅਨੁਸ਼ਾਸ਼ਨ ਹਰ ਸਭਿਅਕ ਸਮਾਜ ਦੀ ਨੀਂਹ ਹੁੰਦਾ ਹੈ। ਅਨੁਸ਼ਾਸ਼ਨ ਅਨੁਸਾਸ਼ਨ ਦਾ ਮਤਲਬ ਹੈ ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਕਰਨਾ। ਜੇਕਰ ਸਾਡੇ ਆਲੇ-ਦੁਆਲੇ ਨਿਯਮ ਅਤੇ ਕਾਨੂੰਨ ਨਾ ਹੋਣ ਤਾਂ ਸਾਡੇ ਲਈ ਜਿਉਣਾ ਅਸੰਭਵ ਹੋ ਜਾਵੇਗਾ। ਅਨੁਸ਼ਾਸ਼ਨ ਸਾਡੇ ਜੀਵਨ ਨੂੰ ਕਾਬੂ ਰੱਖਦਾ ਅਤੇ ਇਸ ਵਿਚ ਮਿਠਾਸ ਭਰ ਕੇ ਚੰਗਾ ਉਸਾਰੂ ਜੀਵਨ ਜਿਉਣ ਵਿਚ ਸਹਾਈ ਹੁੰਦਾ ਹੈ। ਅਨੁਸ਼ਾਸ਼ਨ ਦੀ ਜਿੰਨੀ ਲੋੜ ਇਕ ਵਿਅਕਤੀ ਨੂੰ ਹੁੰਦੀ ਹੈ ਓਨੀ ਹੀ ਲੋੜ ਇਕ ਸੰਗਠਨ ਨੂੰ ਵੀ ਹੁੰਦੀ ਹੈ। ਅਨੁਸਾਸ਼ਿਤ ਕੌਮ ਉੱਨਤੀ ਦੀਆਂ ਸਿਖ਼ਰਾਂ ਨੂੰ ਛੂੰਹਦੀ ਹੈ ਪਰ ਅਨੁਸ਼ਾਸ਼ਨਹੀਣਤਾ ਦੀ ਸਥਿਤੀ ਵਿਚ ਉਹ ਗਿਰਾਵਟ ਤੇ ਗੁਲਾਮੀ ਦਾ ਸ਼ਿਕਾਰ ਹੋ ਸਕਦੀ ਹੈ। ਇਹ ਇਕ ਅਜਿਹਾ ਕੀਮਤੀ ਖਜ਼ਾਨਾ ਹੈ, ਜਿਸ ਦੀ ਸੰਭਾਲ ਕਰਕੇ ਅਸੀਂ ਸੁਖ-ਅਰਾਮ, ਖੁਸ਼ਹਾਲੀ ਤੇ ਸਨਮਾਨ ਪ੍ਰਾਪਤ ਕਰਦੇ ਹਾਂ।

ਅਨੁਸ਼ਾਸ਼ਨ ਦੀ ਡੋਰ ਸਹਾਰੇ ਸਫਲਤਾ ਦੀਆਂ ਪੌੜੀਆਂ ਨੂੰ ਸਹਿਜੇ ਹੀ ਚੜ੍ਹਿਆ ਜਾ ਸਕਦਾ ਹੈ। ਜੀਵਨ ਵਿਚ ਅਨੁਸ਼ਾਸ਼ਨ ਦਾ ਬਹੁਤ ਮਹੱਤਵ ਹੈ। ਅਨੁਸ਼ਾਸ਼ਨ ਦਾ ਅਰਥ ਇਕ ਨਿਰਧਾਰਤ ਨਿਯਮ ਅਤੇ ਕਾਇਦੇ ਦੇ ਦਾਇਰੇ ਵਿਚ ਰਹਿ ਕੇ ਕੰਮ ਕਰਨਾ ਹੁੰਦਾ ਹੈ। ਅਨੁਸ਼ਾਸ਼ਨ ਹੀ ਸਫਲਤਾ ਦਾ ਧੁਰ ਹੈ, ਇਹੀ ਨੀਂਹ ਦੀ ਉਹ ਇੱਟ ਹੈ, ਜਿਸ ਦੇ ਸਹਾਰੇ ਸਫਲਤਾ ਦਾ ਵਿਸ਼ਾਲ ਭਵਨ ਖੜ੍ਹਾ ਕੀਤਾ ਜਾ ਸਕਦਾ ਹੈ। ਕੁਦਰਤ ਅਨੁਸ਼ਾਸ਼ਨ ਦੀ ਸਭ ਤੋਂ ਵੱਡੀ ਮਿਸਾਲ ਹੈ ਅਤੇ ਸਾਨੂੰ ਹਰ ਪਲ ਅਨੁਸ਼ਾਸ਼ਨ ਦਾ ਸਬਕ ਦਿੰਦੀ ਹੈ। ਉੱਚੇ ਪਹਾੜ, ਵਰਦੀਆਂ ਨਦੀਆਂ, ਪੌਣ ਪਾਣੀ, ਸਭ ਸਾਨੂੰ ਅਨੁਸ਼ਾਸ਼ਨ ਦਾ ਪਾਠ ਪੜ੍ਹਾਉਂਦੇ ਹਨ। ਬਚਪਨ ਤੋਂ ਲੈ ਕੇ ਜਵਾਨੀ ਦੀ ਦਹਿਲੀਜ ਤੋਂ ਗੁਜ਼ਰਦਾ ਹੋਇਆ ਬੁਢਾਪੇ ਤੱਕ ਅਨੁਸ਼ਾਸ਼ਨ ਜ਼ਿੰਦਗੀ ਦੇ ਹਰ ਪੜਾਅ ਤੇ ਮੌਜੂਦਾ ਰਹਿੰਦਾ ਹੈ। ਹਰ ਇਕ ਵਿਅਕਤੀ ਦੇ ਜੀਵਨ ਵਿਚ ਅਨੁਸ਼ਾਸ਼ਨ ਦੀ ਬੜੀ ਮਹੱਤਤਾ ਹੈ। ਜੇਕਰ ਵਿਦਿਆਰਥੀ ਜੀਵਨ ਵਿਚ ਅਨੁਸ਼ਾਸ਼ਨ ਦੀ ਗੱਲ ਕਰੀਏ ਤਾਂ ਵਿਦਿਆਰਥੀ ਦਾ ਸਮੇਂ ਸਿਰ ਉੱਠਣਾ, ਸਮੇਂ ਸਿਰ ਖਾਣਾ ਪੀਣਾ, ਸਮੇਂ ਸਿਰ ਖੇਡਣਾ, ਸਮੇਂ ਸਿਰ ਪੜ੍ਹਾਈ ਕਰਨਾ, ਅਧਿਆਪਕਾਂ ਦਾ ਸਤਿਕਾਰ ਕਰਨਾ, ਇਮਾਨਦਾਰੀ ਰੱਖਣਾ, ਸੱਚ ਬੋਲਣਾ ਆਦਿ ਚੰਗੇ ਅਨੁਸ਼ਾਸ਼ਨ ਦੀ ਹੀ ਦੇਣ ਹੁੰਦਾ ਹੈ।

ਇਹ ਅਫ਼ਸੋਸ ਦੀ ਗੱਲ ਹੈ ਕਿ ਨਵੀਂ ਪੀੜ੍ਹੀ ਅਨੁਸ਼ਾਸ਼ਨ ਨੂੰ ਆਪਣੀ ਸੁਤੰਤਰਤਾ ਵਿਚ ਰੁਕਾਵਟ ਸਮਝਦੀ ਹੈ। ਨੌਜਵਾਨ ਹਰ ਵਾਰ ਆਪਣੇ ਘਰ, ਸਕੂਲ, ਕਾਲਜ ਅਤੇ ਸਮਾਜ ਦੇ ਨਿਯਮ ਤੋੜਨ ਵਿਚ ਆਪਣਾ ਵੱਡਾਪਣ ਸਮਝਦੇ ਹਨ। ਪ੍ਰੰਤੂ ਇਸ ਦੇ ਨਤੀਜੇ ਬੁਰੇ ਹੀ ਨਿਕਲਦੇ ਹਨ। ਕੋਈ ਵੀ ਸੰਸਥਾ ਜਾਂ ਟੀਮ ਮੁਕਾਬਲੇ ਵਿਚ ਤਾਂ ਹੀ ਜਿੱਤ ਪ੍ਰਾਪਤ ਕਰ ਸਕਦੀ ਹੈ ਜੇਕਰ ਉਸ ਦੇ ਮੈਂਬਰ ਜਾਂ ਕਰਮਚਾਰੀ ਅਨੁਸ਼ਾਸ਼ਨ ਦੇ ਦਾਇਰੇ ਵਿਚ ਰਹਿ ਕੇ ਕੰਮ ਕਰਨ। ਸਿੱਖਣ ਦੀ ਪ੍ਰਕ੍ਰਿਆ ਤਾਂ ਹੀ ਸਫਲ ਹੋਵੇਗੀ ਜੇਕਰ ਕਲਾਸ ਵਿਚ ਅਨੁਸ਼ਾਸ਼ਨ

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181





ਹੋਵੇਗਾ। ਘਰ ਵਿਚ ਮਾਤਾ-ਪਿਤਾ ਵੱਲੋਂ ਬੱਚੇ ਨੂੰ ਬਚਪਨ ਤੋਂ ਹੀ ਪਿਆਰ ਦੇ ਨਾਲ-ਨਾਲ ਚੰਗੇ ਸੰਸਕਾਰ ਵੀ ਦੇਣੇ ਚਾਹੀਦੇ ਹਨ। ਇਸ ਤਰ੍ਹਾਂ ਅਧਿਆਪਕਾਂ ਦਾ ਫਰਜ਼ ਬਣਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਅਨੁਸ਼ਾਸ਼ਨ ਦੀ ਸਿੱਖਿਆ ਦੇਣ ਤਾਂ ਜੋ ਉਹ ਚੰਗੇ ਨਾਗਰਿਕ ਬਣ ਸਕਣ।

ਅਨੁਸ਼ਾਸ਼ਨ ਦਾ ਅੰਤਿਮ ਰੂਪ ਸਵੈ ਅਨੁਸ਼ਾਸ਼ਨ ਹੈ। ਜ਼ਿੰਮੇਵਾਰੀ ਦੀ ਭਾਵਨਾ ਰੱਖਣਾ ਸਵੈ-ਅਨੁਸ਼ਾਸ਼ਨ ਸਖ਼ਸ਼ੀਅਤ ਦੇ ਵਿਕਾਸ ਦਾ ਮੁੱਢਲਾ ਰਾਹ ਹੈ। ਇਸ ਤੋਂ ਬਿਨਾਂ ਮਨੁੱਖੀ ਜੀਵਨ ਉਸ ਬੇੜੀ ਵਰਗਾ ਹੈ ਜਿਸ ਦਾ ਮਲਾਰ ਨਾ ਹੋਵੇ, ਇਕ ਅਨੁਸ਼ਾਸ਼ਨਹੀਣ ਵਿਅਕਤੀ ਕਦੇ ਵੀ ਆਪਣੇ ਜੀਵਨ ਵਿਚ ਕਾਮਯਾਬੀ ਪ੍ਰਾਪਤ ਨਹੀਂ ਕਰ ਸਕਦਾ ਸਿਰਫ਼ ਅਨੁਸ਼ਾਸ਼ਨ ਦੀ ਪਾਲਣਾ ਕਰਨ ਨਾਲ ਮਨੁੱਖੀ ਜੀਵਨ ਸੁਖੀ ਤੇ ਖੁਸ਼ਹਾਲ ਹੁੰਦਾ ਹੈ। ਅਨੁਸਾਸ਼ਿਤ ਵਿਅਕਤੀ ਨੂੰ ਸਮਾਜ ਵਿਚ ਪਿਆਰ, ਇੱਜ਼ਤ, ਸਤਿਕਾਰ ਤੇ ਤਰੱਕੀ ਦੇ ਨਾਲ-ਨਾਲ ਇਕ ਸਭਿਅਕ ਮਨੁੱਖ ਦਾ ਦਰਜਾ ਵੀ ਮਿਲਦਾ ਹੈ। ਇਹ ਸੋਚਣਾ ਕਿ ਅਨੁਸ਼ਾਸ਼ਨ ਸਿਰਫ਼ ਪੜ੍ਹੇ-ਲਿਖੇ ਲੋਕਾਂ ਲਈ ਜਾਂ ਨੌਕਰੀ ਪੇਸ਼ਾ ਵਿਅਕਤੀਆਂ ਲਈ ਹੁੰਦਾ ਹੈ, ਗਲਤ ਹੈ। ਅਨਪੜ੍ਹ ਜਾਂ ਘਰੇਲੂ ਕੰਮਕਾਜ ਵਾਲੇ ਲੋਕਾਂ ਲਈ ਵੀ ਅਨੁਸ਼ਾਸ਼ਨ ਦੀ ਓਨੀ ਹੀ ਮਹੱਤਤਾ ਹੈ। ਇਹ ਸੱਚੀ ਹੈ ਕਿ ਸਿਰਫ਼ ਅਨੁਸ਼ਾਸ਼ਨਹੀਣ ਵਿਅਕਤੀ ਹੀ ਅਨੁਸ਼ਾਸ਼ਨਹੀਣ ਸਮਾਜ ਦੀ ਸਿਰਜਣਾ ਕਰਦੇ ਹਨ।

ਅਨੁਸ਼ਾਸ਼ਨ ਮਨੁੱਖੀ ਜੀਵਨ ਚਰਿੱਤਰ ਦੀ ਰੀੜ ਦੀ ਹੱਡੀ ਹੁੰਦਾ ਹੈ। ਇਹ ਮਨੁੱਖੀ ਸਖ਼ਸ਼ੀਅਤ ਨੂੰ ਬੁਲੰਦੀਆਂ ਦਾ ਤਾਜ ਪਹਿਨਾਉਂਦਾ ਹੈ। ਜੇਕਰ ਵਿਦਿਆਰਥੀ ਵਿਚ ਅਨੁਸ਼ਾਸ਼ਨ ਨਹੀਂ ਤਾਂ ਉਹ ਇਕ ਚੰਗਾ ਵਿਦਿਆਰਥੀ ਨਹੀਂ, ਇਕ ਖਿਡਾਰੀ ਵਿਚ ਅਨੁਸ਼ਾਸ਼ਨ ਨਹੀਂ ਤਾਂ ਉਹ ਚੰਗਾ ਖਿਡਾਰੀ ਨਹੀਂ ਤੇ ਜੇਕਰ ਇਕ ਕਰਮਚਾਰੀ ਵਿਚ ਅਨੁਸ਼ਾਸ਼ਨ ਨਹੀਂ ਤਾਂ ਉਹ ਚੰਗਾ ਕਰਮਚਾਰੀ ਨਹੀਂ ਅਖਵਾ ਸਕਦਾ। ਇਸੇ ਤਰ੍ਹਾਂ ਜੇਕਰ ਇਕ ਨਾਗਰਿਕ ਵਿਚ ਅਨੁਸ਼ਾਸ਼ਨ ਨਹੀਂ ਤਾਂ ਉਹ ਚੰਗਾ ਨਾਗਰਿਕ ਨਹੀਂ ਕਿਹਾ ਜਾ ਸਕਦਾ। ਅਨੁਸ਼ਾਸ਼ਨਹੀਣ ਵਿਅਕਤੀ ਜ਼ਿੰਦਗੀ ਦਾ ਆਨੰਦ ਨਹੀਂ ਮਾਣ ਸਕਦਾ। ਅਨੁਸ਼ਾਸ਼ਨ ਵਿਚ ਰਹਿ ਕੇ ਸਮੇਂ ਦੀ ਕਦਰ ਕਰਕੇ ਅਸੀਂ ਆਪਣੀ ਜ਼ਿੰਦਗੀ ਦੀ ਫੁਲਵਾੜੀ ਵਿਚ ਰੰਗ ਭਰ ਸਕਦੇ ਹਾਂ। ਅਨੁਸ਼ਾਸ਼ਨਹੀਣ ਵਿਅਕਤੀ ਗੁਲਾਮੀ ਅਤੇ ਗਿਰਾਵਟ ਦਾ ਸ਼ਿਕਾਰ ਬਣਦਾ ਹੈ, ਉਥੇ ਹੀ ਅਨੁਸਾਸ਼ਿਤ ਮਨੁੱਖ ਉੱਨਤੀ ਦੀਆਂ ਸਿਖ਼ਰਾਂ ਛੂੰਹਦਾ ਹੈ ਅਤੇ ਨਵੀਆਂ ਮੰਜ਼ਿਲਾਂ ਪ੍ਰਾਪਤ ਕਰ ਸਕਦਾ ਹੈ। ਸਾਨੂੰ ਸਾਰਿਆਂ ਨੂੰ ਆਪਣੇ ਜੀਵਨ ਵਿਚ ਅਨੁਸ਼ਾਸ਼ਨ ਨੂੰ ਵੱਧ ਤੋਂ ਵੱਧ ਅਪਨਾਉਣਾ ਚਾਹੀਦਾ ਹੈ। ਅਨੁਸ਼ਾਸ਼ਨ ਵਿਚ ਰਹਿ ਕੇ ਹੀ ਅਸੀਂ ਜ਼ਿੰਦਗੀ ਦੀ ਹਰ ਦੌੜ ਵਿਚ ਕਾਮਯਾਬ ਹੋ ਸਕਦੇ ਹਾਂ ਅਤੇ ਨਵੀਆਂ ਮੰਜ਼ਿਲਾਂ ਪ੍ਰਾਪਤ ਕਰ ਸਕਦੇ ਹਾਂ। ਅਨੁਸ਼ਾਸ਼ਨ ਦੇ ਬਲਬਤੇ ਜਨਤਕ ਜੀਵਨ ਵਿਚ ਅਦਭੁਤ ਤਬਦੀਲੀਆਂ ਲਿਆਂਦੀਆਂ ਜਾ ਸਕਦੀਆਂ ਹਨ। ਸਾਨੂੰ ਅਨੁਸਾਸ਼ਿਤ ਰਾਸ਼ਟਰ ਦੇ ਨਿਰਮਾਣ ਵਿਚ ਚੰਗੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਅਨੁਸਾਸ਼ਿਤ ਵਿਅਕਤੀ ਹੀ ਇਕ ਅਨੁਸਾਸ਼ਿਤ ਰਾਸ਼ਟਰ ਦਾ ਨਿਰਮਾਣ ਕਰ ਸਕਦਾ ਹੈ।

● ● ●

ਅਕਲ ਕੱਪੜਿਆਂ ਵਿਚੋਂ ਨਹੀਂ, ਮਨੁੱਖ ਦੀਆਂ ਆਦਤਾਂ ਤੇ ਗੱਲਬਾਤ ਵਿਚੋਂ ਝਲਕਦੀ ਹੈ।

ਜਾਨਲੇਵਾ ਬਣਦਾ ਜਾ ਰਿਹਾ ਫਾਸਟ ਫੂਡ



ਮਨੁੱਖੀ ਸਿਹਤ ਨੂੰ ਬਿਹਤਰ ਬਣਾਉਣ ਲਈ ਦੁਨੀਆ ਭਰ ਵਿੱਚ ਚਿਕਿਤਸਾ ਵਿਗਿਆਨ ਵਿੱਚ ਨਿੱਤ ਖੋਜਾਂ ਹੋ ਰਹੀਆਂ ਹਨ। ਮਨੁੱਖੀ ਸਰੀਰ ਨੂੰ ਬਿਮਾਰੀ ਰਹਿਤ ਬਣਾਉਣ, ਬਿਮਾਰੀਆਂ ਉਪਰੰਤ ਸਰੀਰ ਨੂੰ ਬਚਾਉਣ ਲਈ ਜੰਗੀ ਪੱਧਰ ਉੱਤੇ ਕਦਮ ਚੁੱਕੇ ਜਾ ਰਹੇ ਹਨ ਤਾਂ ਕਿ ਮੌਜੂਦਾ ਦੌਰ ਵਿੱਚ ਮਾਨਵ, ਲੰਮੀ ਅਤੇ ਰੋਗ ਰਹਿਤ ਜ਼ਿੰਦਗੀ ਭੋਗੇ। ਪਰ ਸਾਡੇ ਖਾਣ ਪੀਣ ਦਾ ਰੰਗ ਢੰਗ ਇੰਨੀ ਤੇਜੀ ਨਾਲ ਬਦਲ ਰਿਹਾ ਹੈ, ਜਿਸਦਾ ਨਤੀਜਾ ਸਾਡੇ ਸਰੀਰ ਉੱਤੇ ਉਲਟਾ ਅਸਰ ਪਾ ਰਿਹਾ ਹੈ। ਮਨੁੱਖੀ ਸਰੀਰ ਦੀ ਪਹਿਲ ਤਾਂ ਹੁਣ ਡੱਬਾ ਬੰਦ ਭੋਜਨ, ਠੰਡੀਆਂ ਪੀਣ ਵਾਲੀਆਂ ਚੀਜਾਂ, ਬਿਸਕੁਟ ਚਾਕਲੇਟ ਬਣ ਗਈ ਹੈ, ਜਿਹਨਾਂ ਵਿਚ ਸਰੀਰ ਨੂੰ ਲੋੜੀਂਦੀ ਖੰਡ, ਚਰਬੀ ਦੀ ਮਾਤਰਾ ਦੀ ਭਰਮਾਰ ਹੈ, ਜੋ ਸਰੀਰ ਨੂੰ ਚਾਹੀਦੀ ਮਾਤਰਾ ਤੋਂ ਕਈ ਗੁਣਾ ਵਧੇਰੇ ਹੈ। ਇਹੀ ਸਾਡੀਆਂ ਬਿਮਾਰੀਆਂ ਦਾ ਵੱਡਾ ਕਾਰਨ ਹੈ।

ਗੁਰਮੀਤ ਸਿੰਘ
ਪਲਾਹੀ
98158-02070



ਮਨੁੱਖੀ ਸਰੀਰ ਦੇ ਪਾਲਣ ਪੋਸ਼ਣ ਅਤੇ ਨਵ ਜੰਮੇ ਬੱਚਿਆਂ ਨੂੰ ਮਾਂ ਦਾ ਦੁੱਧ ਚੁੰਘਾਉਣ ਦੇ ਮਾਮਲਿਆਂ 'ਤੇ ਕੰਮ ਕਰਦੀਆਂ ਦੋ ਸੰਸਥਾਵਾਂ ਨੇ ਇੱਕ ਰਿਪੋਰਟ ਛਾਪੀ ਹੈ, ਜਿਸ ਵਿੱਚ ਫਾਸਟ ਫੂਡ ਜਾਂ ਜੰਕ ਫੂਡ ਸਬੰਧੀ ਇੱਕ ਵਿਸਥਾਰਤ ਰਿਪੋਰਟ ਤਿਆਰ ਕੀਤੀ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਭਾਰਤ ਦੇਸ਼ ਮੋਟਾਪੇ ਅਤੇ ਸ਼ੂਗਰ ਜਿਹੀਆਂ ਗੰਭੀਰ ਬਿਮਾਰੀਆਂ ਕਾਰਨ ਵੱਡੇ ਸਿਹਤ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਹ ਅਤਿਅੰਤ ਚਿੰਤਾ ਦਾ ਵਿਸ਼ਾ ਹੈ।

ਆਈ.ਸੀ.ਐਮ.ਆਰ ਦੇ ਇਕ ਅਧਿਐਨ ਅਨੁਸਾਰ ਭਾਰਤ 'ਚ ਦਸ ਕਰੋੜ ਤੋਂ ਵੱਧ ਲੋਕ ਸ਼ੂਗਰ ਦੇ ਸ਼ਿਕਾਰ ਹਨ। ਇਸ ਅਧਿਐਨ 'ਚ ਇਹ ਵੀ ਲਿਖਿਆ ਗਿਆ ਹੈ ਕਿ ਹਰ ਚਾਰਾਂ ਵਿਚੋਂ ਇਕ ਵਿਅਕਤੀ ਸ਼ੂਗਰ ਅਤੇ ਮੋਟਾਪੇ ਦਾ ਸ਼ਿਕਾਰ ਹੈ। ਅੰਕੜੇ ਦੱਸਦੇ ਹਨ ਕਿ ਪੰਜ ਸਾਲ ਦੀ ਉਮਰ ਤੋਂ ਘੱਟ ਉਮਰ ਦੇ 43 ਲੱਖ ਬੱਚੇ ਮੋਟਾਪੇ ਦੇ ਸ਼ਿਕਾਰ ਹੋ ਚੁੱਕੇ ਹਨ। ਸਾਡੇ ਇਹ ਅੰਕੜੇ ਸਿਹਤ 'ਚ ਆਏ ਵਿਗਾੜ ਅਤੇ ਬੱਚਿਆਂ ਦੀ ਪਾਲਣਾ ਪੋਸ਼ਣਾ 'ਚ ਕਮੀ ਦਾ ਸਪੱਸ਼ਟ ਸੰਕੇਤ ਹਨ। ਕੀ ਇੰਜ ਸਾਡੀ ਅਗਲੀ ਪੀੜ੍ਹੀ ਸਿਹਤਮੰਦ ਨਜ਼ਰ ਆਏਗੀ?

ਨੈਸ਼ਨਲ ਫੈਮਿਲੀ ਹੈਲਥ ਸਰਵੇ ਦਰਸਾਉਂਦਾ ਹੈ ਕਿ ਭਾਰਤ ਦੀਆਂ ਕੁੱਲ ਔਰਤਾਂ ਵਿਚੋਂ 23 ਫੀਸਦੀ ਅਤੇ ਮਰਦਾਂ ਵਿਚੋਂ 22 ਫੀਸਦੀ ਦਾ ਔਸਤਨ ਭਾਰ ਵੱਧ ਹੈ ਅਤੇ 40ਫੀਸਦੀ ਔਰਤਾਂ ਅਤੇ 12 ਫੀਸਦੀ ਮਰਦ ਮੋਟਾਪੇ ਤੋਂ ਪੀੜਤ ਹਨ।

ਅਗਸਤ 2023 ਦੀ ਡਬਲਯੂ ਐੱਚ.ਓ. (ਵਿਸ਼ਵ ਸਿਹਤ ਸੰਸਥਾ) ਦੀ ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿਚ 2011 ਤੋਂ 2021 ਦੇ ਵਿਚਕਾਰ ਹਰ ਵਰ੍ਹੇ ਖਾਣ ਕਰਕੇ ਪਦਾਰਥਾਂ ਦੀ ਵਿਕਰੀ 'ਚ 13.37 ਫ਼ੀਸਦੀ ਵਾਧਾ ਹੋ ਗਿਆ ਹੈ। ਇੰਜ ਭਾਰਤ ਵਿਚ ਵੱਧ ਖਾਣ ਪਦਾਰਥਾਂ ਦੀ ਵਰਤੋਂ 'ਚ ਵਾਧਾ ਮੋਟਾਪੇ ਜਿਹੀਆਂ ਬਿਮਾਰੀਆਂ 'ਚ ਵਾਧਾ ਕਰੇਗਾ। ਕਿਹਾ ਜਾ ਰਿਹਾ ਹੈ ਕਿ 2035 ਤੱਕ ਅੱਧੀ ਦੁਨੀਆਂ ਵੱਧ ਖਾਣ ਪੀਣ ਨਾਲ ਮੋਟਾਪੇ ਦੀ ਲਪੇਟ 'ਚ ਆਏਗੀ।

ਜੇਕਰ ਮੋਟਾਪੇ ਤੋਂ ਬਚਾਅ ਨਾ ਕੀਤਾ ਗਿਆ ਜਾਂ ਫਾਸਟ ਫੂਡ ਉੱਤੇ ਲਗਾਮ ਨਾ ਕੱਸੀ ਗਈ ਤਾਂ ਦੁਨੀਆਂ ਦੇ ਦੋ ਅਰਬ ਲੋਕ ਮੋਟਾਪੇ ਦਾ ਸ਼ਿਕਾਰ ਹੋ ਜਾਣਗੇ। ਇਹ ਗੱਲ ਸਮਝਣ ਵਾਲੀ ਹੈ ਕਿ ਮੋਟਾਪਾ ਮਨੁੱਖੀ ਸਰੀਰ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ, ਸਗੋਂ ਦੇਸ਼ ਦੀ ਆਰਥਿਕਤਾ ਵੀ ਇਸ ਨਾਲ ਪ੍ਰਭਾਵਿਤ ਹੁੰਦੀ ਹੈ। ਜੇਕਰ ਕੁੱਲ ਮਿਲਾ ਕੇ ਚਾਰ ਵਿਅਕਤੀਆਂ ਵਿਚੋਂ ਇਕ ਮੋਟਾਪੇ ਦਾ ਸ਼ਿਕਾਰ ਹੋ ਜਾਏਗਾ, ਦੁਨੀਆ ਭਰ ਵਿਚ ਤਾਂ ਇਹ ਇੱਕ ਅਜੀਬ ਅਤੇ ਵਿਸਫੋਟਕ ਸਥਿਤੀ ਹੋਏਗੀ।

ਆਓ ਨਜ਼ਰ ਮਾਰੀਏ ਜੰਕ ਫੂਡ ਦਾ ਕਾਰੋਬਾਰ ਕਿਵੇਂ ਵੱਧ ਰਿਹਾ ਹੈ?

ਕਿਵੇਂ ਇਹ ਸਾਡੇ ਵਰਤਮਾਨ ਅਤੇ ਭਵਿੱਖ ਨੂੰ ਪ੍ਰਭਾਵਿਤ ਕਰ ਰਿਹਾ ਹੈ? ਇਹ ਜੰਕ ਜਾਂ ਫਾਸਟ ਫੂਡ ਦਾ ਖਾਣ ਪਾਣ ਸਾਡੇ ਕੁਪੋਸ਼ਨ ਨੂੰ ਵਧਾ ਰਿਹਾ ਹੈ। ਭਾਰਤ ਇਸ ਦੇ ਮਾਮਲੇ 'ਚ ਪੂਰੀ ਤਰ੍ਹਾਂ ਸ਼ਿਕੰਜੇ 'ਚ ਹੈ। ਜਾਂ ਇੰਜ ਕਹਿ ਲਈਏ ਕਿ ਵਿਸ਼ਵ ਭਰ ਦੇ ਖਾਣ ਪਾਣ ਵਿਉਪਾਰੀ ਭਾਰਤ 'ਚ ਆਪਣਾ ਭਵਿੱਖ ਵੇਖਦੇ ਹਨ।

ਇਕ ਰਿਪੋਰਟ ਅਨੁਸਾਰ ਦੇਸ਼ ਭਾਰਤ ਦੇ ਅੰਦਰ 80 ਫੀਸਦੀ ਤੋਂ ਵੱਧ ਬੱਚੇ "ਲੁਕਵੀ ਭੁੱਖ" ਦਾ ਸ਼ਿਕਾਰ ਹਨ। ਇਹ ਲੁਕਵੀਂ ਭੁੱਖ ਦਾ ਭਾਵ ਹੈ ਕਿ ਬੱਚੇ ਨੂੰ ਜਨਮ ਤੋਂ ਵੀ ਜੰਕ ਫੂਡ ਦੇਣਾ। ਮਾਂ ਦੇ ਦੁੱਧ ਤੋਂ ਵਿਰਵੇ ਰੱਖ ਕੇ ਡੱਬੇ ਦਾ ਦੁੱਧ ਉਹਨਾਂ ਨੂੰ ਦਿੱਤਾ ਜਾਂਦਾ ਹੈ। ਅਜ਼ੀਬ ਕਿਸਮ ਦੇ ਭੋਜਨ ਉਹਨਾਂ ਦੇ ਸਰੀਰ 'ਚ ਧੱਕੇ ਜਾਂਦੇ ਹਨ, ਜਿਵੇਂ ਸੈਰੇਲਿਕ ਆਦਿ ਜਿਨਾਂ ਵਿਚ ਭੋਜਨ ਦੇ ਉਹ ਤੱਤ ਨਹੀਂ ਮਿਲਦੇ ਜਿਹੜੇ ਕੁਦਰਤੀ ਭੋਜਨ ਦਾਲ ਦਾ ਪਾਣੀ, ਸੂਜੀ ਦੀ ਖੀਰ ਆਦਿ ਪਦਾਰਥਾਂ ਤੋਂ ਮਿਲਦੇ ਹਨ। ਜਿਸ ਕਾਰਨ ਬੱਚੇ ਕੁਪੋਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ।

ਇਹੋ ਜਿਹਾ ਜੰਕ ਫੂਡ ਅਤੇ ਫਾਸਟ ਫੂਡ ਦੇ ਮਨੁੱਖੀ ਸਰੀਰ ਉੱਤੇ ਭੈੜੇ ਪ੍ਰਭਾਵ ਨੂੰ ਵੇਖਦਿਆਂ ਹੋਇਆਂ ਦਿੱਲੀ ਦੇ ਹਾਈਕੋਰਟ ਨੇ ਭਾਰਤੀ ਖਾਧ ਸੁਰੱਖਿਆ ਸੰਸਥਾ ਨੂੰ ਸਕੂਲਾਂ ਅਤੇ ਉਹਨਾਂ ਦੀ ਨਜ਼ਦੀਕ ਵਾਧੂ ਚਰਬੀ ਵਾਲੇ, ਲੂਣ ਅਤੇ ਖੰਡ ਵਾਲੇ ਪਦਾਰਥਾਂ ਦੀ ਵਿਕਰੀ ਉੱਤੇ ਰੋਕ ਲਾਗੂ ਕਰਨ ਦੇ ਹੁਕਮ ਦਿੱਤੇ ਸਨ। ਪਰ ਬਹੁਤ ਸਾਰੇ ਹੋਰ ਹੁਕਮਾਂ ਵਾਂਗਰ ਹੀ ਇਹ ਹੁਕਮ, ਕਦੇ ਵੀ ਲਾਗੂ ਨਹੀਂ ਹੋ ਸਕਿਆ। ਇਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਦੇਸ਼ ਦੀ 80 ਕਰੋੜ ਵਸੋਂ ਨੂੰ ਸਰਕਾਰ ਰਾਸ਼ਟਰ ਖਾਧ ਸੁਰੱਖਿਆ ਐਕਟ ਅਨੁਸਾਰ ਭਾਰਤ ਸਰਕਾਰ ਜੋ ਭੋਜਨ ਮੁਹੱਈਆ ਕਰਦੀ ਹੈ, ਉਹ ਕਿੰਨਾ ਕੁ ਪੋਸ਼ਕ ਹੈ ਅਤੇ ਸਕੂਲਾਂ, ਆਂਗਨਵਾੜੀਆਂ 'ਚ ਦਿੱਤਾ ਜਾਂਦਾ ਭੋਜਨ ਕੀ ਬੱਚੇ ਦੇ ਸਰੀਰਕ ਵਾਧੇ ਲਈ ਕਾਫ਼ੀ ਹੈ?

ਭੋਜਨ ਅਤੇ ਜਾਂਚ ਏਜੰਸੀ ਅਨੁਸਾਰ ਦੇਸ਼ ਦੇ ਅੰਦਰ 2019 ਤੱਕ ਡੱਬਾ ਬੰਦ ਖਾਣੇ ਦੀ ਸੰਖਿਆ 25 ਫੀਸਦੀ ਸੀ, ਜੋ 2022 ਤੱਕ 40 ਫੀਸਦੀ ਨੂੰ ਪਾਰ ਕਰ ਚੁੱਕੀ ਹੈ। ਇਸ ਤਰ੍ਹਾਂ ਡੱਬਾ ਬੰਦ ਭੋਜਨ ਦੀ ਉਪਲੱਧਤਾ ਵਿਚ ਸਾਡਾ ਦੇਸ਼ ਦੁਨੀਆ ਭਰ 'ਚ 13ਵੇਂ ਨੰਬਰ ਤੇ ਪੁੱਜ ਗਿਆ ਹੈ। ਜਦਕਿ ਅਮਰੀਕਾ ਅਤੇ ਬਰਤਾਨੀਆ ਪਹਿਲੇ ਦਰਜ਼ੇ 'ਤੇ ਹਨ। ਜੰਕ ਕਾਰੋਬਾਰ ਪੂਰੀ ਤੇਜ਼ੀ ਨਾਲ ਵਧ ਫੁਲ ਰਿਹਾ ਹੈ, 2021 ਤੱਕ ਵਿਸ਼ਵ ਪੱਧਰ 'ਤੇ ਜੰਕ ਬਜ਼ਾਰ 5775 ਕਰੋੜ ਰੁਪਏ ਸੀ ਜੋ 2030 ਤੱਕ 7900 ਕਰੋੜ ਪੁੱਜਣ ਦਾ ਅੰਦਾਜ਼ਾ ਹੈ।

ਇਸ ਸਭ ਕੁਝ ਦੇ ਵਿਚਕਾਰ ਬਹੁਤੇ ਫਿਕਰ ਵਾਲੀ ਗੱਲ ਇਹ ਹੈ ਕਿ ਜਿਹੜੇ 43 ਫੀਸਦੀ ਡੱਬਾ ਬੰਦ ਭੋਜਨ ਮਿਲਦੇ ਹਨ, ਉਹਨਾਂ ਵਿਚੋਂ ਇਕ ਤਿਹਾਈ ਵਿਚ ਖੰਡ, ਚਰਬੀ, ਸੋਡੀਅਮ ਦੀ ਮਾਤਰਾ ਸਥਾਪਿਤ ਭੋਜਨ ਮਾਣਕਾਂ ਤੋਂ ਵੱਧ ਹੈ। ਇਹ ਦਿਲ ਦੀਆਂ ਬਿਮਾਰੀਆਂ ਲਈ ਜਾਨਲੇਵਾ ਹੈ। ਜੰਕ ਫੂਡ ਦਾ ਅਸਰ ਬੱਚਿਆਂ ਦੀ ਸਿਹਤ ਉੱਤੇ ਸਭ ਤੋਂ ਵੱਧ ਹੈ।

ਬੱਚੇ ਜੰਕ ਫੂਡ ਦੀ ਵਰਤੋਂ ਕਰਕੇ ਬੇਡੌਲ ਬਣਦੇ ਹਨ, ਉਹਨਾਂ ਦੇ ਸਰੀਰ ਨੂੰ ਬਿਮਾਰੀਆਂ ਛੋਟੀ ਉਮਰ ਵਿਚ ਹੀ ਪ੍ਰੇਸ਼ਾਨ ਕਰਨ ਲੱਗਦੀਆਂ ਹਨ। ਉਂਜ ਵੀ ਜੰਕ ਫੂਡ ਦੇ ਨਾਲ-ਨਾਲ ਮੋਬਾਇਲ ਫੋਨ, ਇੰਟਰਨੈੱਟ, ਟੀ. ਵੀ. ਦੀ ਵਧ ਵਰਤੋਂ ਉਹਨਾਂ ਦੇ ਸਰੀਰ ਉੱਤੇ ਭੈੜਾ ਅਸਰ ਪਾਉਂਦੀ ਹੈ। ਬਾਲਗਾਂ ਉਤੇ ਵੀ ਜੰਕ ਫੂਡ ਦਾ ਅਸਰ ਘੱਟ ਨਹੀਂ ਹੈ।

ਜੰਕ ਫੂਡ ਦੇ ਭੈੜੇ ਪ੍ਰਭਾਵ ਦੇਖੋ। ਇਸ ਦੀ ਪੈਦਾਵਾਰ ਹੈ ਮੋਟਾਪਾ ਜਿਸ ਕਾਰਨ, ਦੁਨੀਆ ਭਰ ਵਿਚ ਹਰ ਸਾਲ ਲਗਭਗ 50 ਲੱਖ ਲੋਕ ਮਰ ਜਾਂਦੇ ਹਨ। ਤਸਵੀਰ ਦਾ ਦੂਜਾ ਪੱਖ ਹੋਰ ਵੀ ਤਕਲੀਫਦੇਹ ਹੈ। ਗਲੋਬਲ ਨਿਊਟ੍ਰੀਸ਼ਨ 2020 ਦੇ ਪ੍ਰਾਪਤ ਅੰਕੜਿਆਂ ਅਨੁਸਾਰ 82 ਕਰੋੜ ਲੋਕਾਂ ਨੂੰ ਪੇਟ ਭਰ ਭੋਜਨ ਨਸੀਬ ਨਹੀਂ ਹੁੰਦਾ। ਇਸ ਅਨੁਪਾਤ ਨਾਲ ਵੇਖੀਏ ਤਾਂ 9 ਵਿਚੋਂ ਇਕ ਵਿਅਕਤੀ ਭੁੱਖਮਰੀ ਦੀ ਮਾਰ ਝੱਲ ਰਿਹਾ ਹੈ। ਫਿਰ ਵੀ ਦੇਸ਼ ਵਿਚ ਮੋਟਾਪਾ ਕਿਸੇ ਵੀ ਬਿਮਾਰੀ ਵਾਂਗਰ ਫੈਲ ਰਿਹਾ ਹੈ। ਕੁਝ ਲੋਕ ਢਿੱਡ ਤੂਸਕੇ ਖਾਂਦੇ ਹਨ ਅਤੇ ਕੁਝ ਨੂੰ ਪੇਟ ਉੱਤੇ ਕੱਪੜਾ ਬੰਨ੍ਹ ਕੇ ਸਮਾਂ ਸਾਰਨਾ ਪੈਂਦਾ ਹੈ।

ਜੰਕ ਫੂਡ ਦੁਨੀਆ ਭਰ 'ਚ ਫੈਲਿਆ ਹੋਇਆ ਹੈ। ਦੁਨੀਆ ਭਰ ਦੀਆਂ ਵੱਡੀਆਂ ਕੰਪਨੀਆਂ ਡੱਬਾ ਬੰਦ ਭੋਜਨ, ਪੀਣ ਵਾਲੇ ਪਦਾਰਥਾਂ ਸਮੇਤ ਬਣਾ ਰਹੀਆਂ ਹਨ। ਇਸ ਕਾਰੋਬਾਰ ਲਈ ਵੱਡੀ ਪੱਧਰ ਉੱਤੇ ਇਸ਼ਤਿਹਾਰਬਾਜ਼ੀ ਹੁੰਦੀ ਹੈ ਅਤੇ ਮਨੁੱਖਾਂ ਨੂੰ ਲੋਭਿਤ ਕਰਨ ਲਈ ਇਹਨਾਂ ਪਦਾਰਥਾਂ ਨੂੰ ਆਕਰਸ਼ਕ ਢੰਗ ਨਾਲ ਪੈਕਟਾਂ ਵਿਚ ਲੋਕਾਂ ਅੱਗੇ ਪੇਸ਼ ਕੀਤਾ ਜਾਂਦਾ ਹੈ। ਇਹ ਅਸਲ ਅਰਥਾਂ 'ਚ ਕਾਰਪੋਰੇਟ ਜਗਤ ਦਾ ਇਕ ਕ੍ਰਿਸ਼ਮਾ ਹੈ। ਕਾਰਪੋਰੇਟੀਏ ਵੱਧ ਧਨ ਕਮਾਉਣ ਲਈ ਮਨੁੱਖ ਨੂੰ ਜੰਕ ਫੂਡ ਦੇ ਰਾਹ ਪਾਉਂਦੇ ਹਨ ਅਤੇ ਇਸੇ ਤਰ੍ਹਾਂ ਜੰਕ ਫੂਡ ਨਾਲ ਹੁੰਦੀਆਂ ਬਿਮਾਰੀਆਂ ਤੋਂ ਬਚਾਅ ਅਤੇ ਇਲਾਜ ਲਈ ਅਗਾਊਂ ਟੀਕੇ, ਮਹਿੰਗੀਆਂ ਦਵਾਈਆਂ ਮਾਰਕੀਟ 'ਚ ਇਹੋ ਕਾਰਪੋਰੇਟ ਕੰਪਨੀਆਂ ਵਾਲੇ ਹੀ ਲਿਆਉਂਦੇ ਹਨ। ਇਹ ਮੁਨਾਫ਼ੀ ਖੋਰੀ ਦੀ ਇੱਕ ਚੇਨ ਹੈ।

ਤੇਜ਼ ਜ਼ਿੰਦਗੀ ਦੇ ਵਹਾਅ 'ਚ ਮਨੁੱਖ ਕੁਦਰਤ ਦੀ ਗੋਦ ਤੋਂ ਵਿਰਵਾ ਕੀਤਾ ਜਾ ਰਿਹਾ ਹੈ। ਮਸ਼ੀਨੀਕਰਨ ਦੇ ਇਸ ਯੁਗ 'ਚ ਮਨੁੱਖ ਇਕ ਮਸ਼ੀਨੀ ਕਲ-ਪੁਰਜਾ ਬਣਾਇਆ ਜਾ ਰਿਹਾ ਹੈ। ਜਿੱਥੇ ਉਸਦੀ ਵਰਤੋਂ ਸਿਰਫ਼ ਲੋੜ ਤੱਕ ਸੀਮਤ ਕੀਤੀ ਜਾ ਰਹੀ ਹੈ

ਮਨੁੱਖ ਦਾ ਕੁਦਰਤ ਨਾਲ ਲਗਾਅ, ਸ਼ੁੱਧ ਹਵਾ ਪਾਣੀ, ਕੁਦਰਤੀ ਫਸਲਾਂ, ਕੁਦਰਤੀ ਖਾਣ ਪਾਣ ਸਭ ਕੁਝ 'ਚ ਲਗਾਤਾਰ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ। ਆਧੁਨਿਕਤਾ ਦੇ ਇਸ ਦੌਰ 'ਚ ਮਨੁੱਖੀ ਸਿਹਤ ਨਾਲ ਖਿਲਵਾੜ, ਜੀਵਨ ਸ਼ੈਲੀ 'ਚ ਤਬਦੀਲੀ ਗੰਭੀਰ ਬਿਮਾਰੀਆਂ ਦਾ ਕਾਰਨ ਬਣੀ ਹੋਈ ਹੈ ਜਾਂ ਬਣਾਈ ਜਾ ਰਹੀ ਹੈ। ਜੰਕ ਫੂਡ ਇਸ ਸਭ ਕੁਝ ਦਾ ਵੱਡਾ ਹਥਿਆਰ ਹੈ।

ਮਨੁੱਖ ਨੂੰ ਕੁਦਰਤ ਨਾਲ ਪ੍ਰੇਮ, ਆਪਣੇ ਸਰੀਰ ਅਤੇ ਸੋਚ ਨਾਲ ਲਗਾਓ ਵੱਲ ਵਧ ਕੇਂਦਰਤ ਹੋਣਾ ਪਵੇਗਾ ਤਾਂ ਕਿ ਆਪਣੇ ਭਵਿੱਖ, ਆਪਣੀ ਔਲਾਦ ਨੂੰ ਉਹ ਸਿਹਤਮੰਦ ਅਤੇ ਨਰੋਆ ਬਣਾ ਸਕੇ।

ਸ਼ਹੀਦਾਨਿ-ਵ਼ਫ਼ਾ ਅਤੇ ਰੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵ਼ਫ਼ਾ ਅਤੇ ਰੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

95.

ਤੋਬਾ ਕਰੋ ਤੋ ਯੇਹ ਤਖ਼ਤ ਤੁਮ੍ਹਾਰੇ ਬਨੇ ਰਹੇਂ।
ਅਫ਼ਸਰ, ਯੇਹ ਸ਼ਾਹੀ ਰਖ਼ਤ ਤੁਮ੍ਹਾਰੇ ਬਨੇ ਰਹੇਂ।
ਬਿਗੜੋ ਨਾ ਹਮ ਸੇ ਬਖ਼ਤ ਤੁਮ੍ਹਾਰੇ ਬਨੇ ਰਹੇਂ।
ਐ ਵਾਇ ਦਿਲ ਜੋ ਸਖ਼ਤ ਤੁਮ੍ਹਾਰੇ ਬਨੇ ਰਹੇਂ।
ਸਰਕਸ਼ ਸੇ ਵੈਰ ਕਰਨਾ ਹੈ ਆਦਤ ਗ਼ਫ਼ੂਰ ਕੀ।
ਸਮਝੋ ਤੁਮ੍ਹੇਂ ਸੁਨਾਤੇ ਹੈਂ ਹਮ ਬਾਤ ਦੂਰ ਕੀ।

ਜੇਕਰ ਹੁਣ ਵੀ ਤੁਸੀਂ ਜ਼ੁਲਮ ਕਰਨ ਤੋਂ ਤੋਬਾ ਕਰ ਲਵੋ ਤਾਂ ਤੁਹਾਡੇ ਰਾਜ-ਭਾਗ ਸਲਾਮਤ ਰਹਿ ਸਕਦੇ ਹਨ। ਤੁਹਾਡੇ ਦਰਬਾਰੀ ਤੇ ਸਾਜ਼ੋ-ਸਮਾਨ ਇੰਜ ਹੀ ਬਰਕਰਾਰ ਰਹਿਣਗੇ। ਸਾਡੇ ਨਾਲ ਵਿਗੜੋ ਨਾ, ਤੁਹਾਡੇ ਨਸੀਬ ਵੀ ਬਣੇ ਰਹਿਣਗੇ ਅਤੇ ਅਫ਼ਸੋਸ ! ਇਹ ਜੋ ਤੁਹਾਡੇ ਸਖ਼ਤ ਦਿਲ ਹਨ, ਇਹ ਵੀ ਇੰਜ ਹੀ ਰਹਿਣਗੇ। ਹੰਕਾਰੀਆਂ ਤੇ ਨਾਫ਼ੁਰਮਾਨਾਂ ਨਾਲ ਵੈਰ ਕਰਨਾ ਪ੍ਰਮਾਤਮਾ ਦਾ ਖ਼ਾਸ ਗੁਣ ਹੈ। ਅਜੇ ਵੀ ਸਮਝ ਜਾਵੋ, ਤੁਸੀਂ ਬਹੁਤ ਪਤੇ ਦੀ ਗੱਲ ਕਹਿ ਰਹੇ ਹਾਂ।

96.

ਸੱਚ ਹੋ ਮਿਟਾਉਗੇ ਤੋ ਮਿਟੋਗੇ ਜਹਾਨ ਸੇ।
ਡਰਦਾ ਨਹੀਂ ਅਕਾਲ ਸ਼ਹਿਨਸ਼ਾਹ ਕੀ ਸ਼ਾਨ ਸੇ।
ਉਪਦੇਸ਼ ਅਪਨਾ ਸੁਨ ਲੋ ਜ਼ਰਾ ਦਿਲ ਕੇ ਕਾਨ ਸੇ।
ਹਮ ਕਹ ਰਹੇ ਹੈਂ ਤੁਮ ਕੋ ਖ਼ੁਦਾ ਕੀ ਜ਼ਬਾਨ ਸੇ।
ਬਾਜ਼ ਆਓ ਸਰ ਸੇ, ਹਿੰਦੂ ਮੁਸਲਮਾਨ ਹੋ, ਕੋਈ ਹੋ।
ਪੰਡਿਤ ਹੋ, ਮੌਲਵੀ ਹੋ, ਯਾ ਆਲਮ ਹੋ, ਕੋਈ ਹੋ।

ਨਵਾਬ ਸਾਹਿਬ ! ਯਾਦ ਰੱਖੋ ਕਿ ਜੇਕਰ ਸੱਚ ਨੂੰ ਮਿਟਾਉਣ ਦਾ ਯਤਨ ਕਰੋਗੇ ਤਾਂ ਜਹਾਨ ਤੋਂ ਖ਼ੁਦ ਮਿਟ ਜਾਉਗੇ। ਅਕਾਲ ਪੁਰਖ ਨੂੰ ਬਾਦਸ਼ਾਹਾਂ ਦੀ ਤਾਕਤ ਦਾ ਕੋਈ ਡਰ ਨਹੀਂ। ਸਾਡੇ ਵਿਚਾਰਾਂ ਨੂੰ ਕੰਨ ਖੋਲ੍ਹ ਕੇ ਸੁਣਨਾ ਕਰੋ, ਕਿਉਂਕਿ ਅਸੀਂ ਜੋ ਕਹਿ ਰਹੇ ਹਾਂ, ਇਹ ਪਰਮਾਤਮਾ ਦੀ ਹੀ ਆਵਾਜ਼ ਹੈ। ਕੋਈ ਹਿੰਦੂ, ਮੁਸਲਮਾਨ ਹੋਵੇ, ਪੰਡਿਤ, ਮੌਲਵੀ ਜਾਂ ਵਿਦਵਾਨ, ਕੋਈ ਵੀ ਹੋਵੇ, ਉਸ ਨਾਲ ਝਗੜਾ ਜਾਂ ਸ਼ਰਾਰਤ ਕਰਨ ਤੋਂ ਬਾਜ਼ ਆ ਜਾਵੋ।

97.

ਅੰਮ੍ਰਿਤ ਬ-ਜ਼ੋਰ ਤੁਮ ਕੋ, ਛਕਾਨਾ ਨਹੀਂ ਹਮੇਂ।
ਹਾਂ, ਸਿੱਖ ਬਾ-ਜਬਰ ਤੁਮ ਕੋ, ਬਨਾਨਾ ਨਹੀਂ ਹਮੇਂ।
ਭਾਤਾ ਕਿਸੀ ਕੇ ਦਿਲ ਕੋ, ਦੁਖਾਨਾ ਨਹੀਂ ਹਮੇਂ।
ਲੜ ਭਿੜ ਕੇ ਜਮ੍ਹਾਂ ਕਰਨਾ, ਖ਼ਜ਼ਾਨਾ ਨਹੀਂ ਹਮੇਂ।
ਸ਼ਾਹੀ ਹੈਂ ਅਪਨੇ ਠਾਠ, ਮਗਰ ਯੂੰ ਫ਼ਕੀਰ ਹੈਂ।
ਨਾਨਕ ਕੀ ਤਰਹ, ਹਿੰਦੂ-ਓ-ਮੁਸਲਿਮ ਕੇ ਪੀਰ ਹੈਂ।

ਅਸੀਂ ਤੁਹਾਨੂੰ ਧੱਕੇ ਜਾਂ ਜ਼ੋਰ ਨਾਲ ਅੰਮ੍ਰਿਤ ਨਹੀਂ ਛਕਾਉਣਾ। ਤੁਹਾਨੂੰ ਜਬਰਦਸਤੀ ਸਿੱਖ ਵੀ ਨਹੀਂ ਬਣਾਉਣਾ। ਕਿਸੇ ਦੇ ਦਿਲ ਨੂੰ ਦੁਖਾਉਣਾ ਸਾਨੂੰ ਨਹੀਂ ਭਾਉਂਦਾ। ਅਸੀਂ ਜੰਗ-ਯੁੱਧ ਕਰਕੇ ਕੋਈ ਖ਼ਜ਼ਾਨਾ ਵੀ ਜਮ੍ਹਾਂ ਨਹੀਂ ਕਰਨਾ। ਭਾਵੇਂ ਅਸੀਂ ਫ਼ਕੀਰ ਹਾਂ ਲੇਕਿਨ ਸਾਡੇ ਠਾਠ-ਬਾਠ ਸ਼ਾਹੀ ਹਨ ਅਤੇ ਗੁਰੂ

ਨਾਨਕ ਸਾਹਿਬ ਵਾਂਗ ਹੀ ਹਿੰਦੂ ਤੇ ਮੁਸਲਮਾਨਾਂ ਦੇ ਪੀਰ ਹਾਂ।

98.

ਤਕਰੀਰ-ਦਿਲ-ਪਿਜ਼ੀਰ ਸੇ, ਗੁੰਮ ਸਭ ਕੇ ਹੋਸ਼ ਥੇ।
ਨੀਚੀ ਨਜ਼ਰ ਹਰ ਇਕ ਕੀ ਥੀ, ਇਸਤਾਦਹ ਗੋਸ਼ ਥੇ।
ਬੱਚੋਂ ਕੇ ਸਾਹਮਨੇ ਸਭੀ ਯੇਹ ਦਾਨਾ ਖ਼ਾਮੋਸ਼ ਥੇ।
ਨਾਜ਼ਮ ਕੇ ਜੀ ਮੇਂ ਬੁ਼ਗਜ਼ ਹੀ ਥਾ, ਅਬ ਨਾ ਜੋਸ਼ ਥੇ।
ਇਤਨੇ ਮੇਂ ਸੁਚਾ ਨੰਦ ਵੁਹ ਦੀਵਾਨ ਨਾਬਕਾਰ।
ਝੁੰਜਲਾ ਕੇ ਬੋਲਾ ਹਾਏ ! ਵੁਹ ਸ਼ੈਤਾਨ ਨਾਬਕਾਰ।

ਦਿਲਾਂ ਨੂੰ ਮੋਹ ਲੈਣ ਵਾਲੀ ਤਕਰੀਰ ਨਾਲ ਸਾਰਿਆਂ ਦੇ ਹੋਸ਼ ਗੁੰਮ ਹੋ ਗਏ ਸਨ। ਸਭ ਦੀਆਂ ਨਜ਼ਰਾਂ ਬੇਸ਼ੱਕ ਝੁਕ ਗਈਆਂ ਸਨ, ਲੇਕਿਨ ਚੁਕੰਨੇ ਖਲੋਤੇ ਹੋਏ ਸਨ। ਬੱਚਿਆਂ ਸਾਹਮਣੇ ਇਹ ਸਭ ਸਿਆਣੇ ਖਾਮੋਸ਼ ਸਨ। ਨਵਾਬ ਦੇ ਦਿਲ ਵਿਚ ਦ੍ਵੈਸ਼ ਤਾਂ ਅਜੇ ਬਾਕੀ ਸੀ, ਪ੍ਰੰਤੂ ਜੋਸ਼ ਠੰਢਾ ਪੈ ਚੁੱਕਾ ਸੀ। ਇਤਨੇ ਵਿਚ ਉਹ ਨਾਲਾਇਕ ਦੀਵਾਨ ਸੁੱਚਾ ਨੰਦ, ਉਹ ਸ਼ੈਤਾਨ ਸੁੱਚਾ ਨੰਦ ਝੁੰਜਲਾ ਕੇ ਬੋਲਿਆ–

99.

“ਕਿਆ ਖ਼ੂਬ ਹੈ ਨਵਾਬ ਭੀ ਬਾਤੋਂ ਮੇਂ ਆ ਗਏ।
ਉਸ ਬੁਤ-ਸ਼ਿਕਨ ਕੇ, ਬੱਚੋਂ ਕੀ ਘਾਤੋਂ ਮੇਂ ਆ ਗਏ।
ਸਰਦਾਰ ਹੋ ਕੇ ਆਪ ਭੀ ਲਾਤੋਂ ਮੇਂ ਆ ਗਏ।
ਸੰਭਲੋ ਕਹੀਂ ਜ਼ਵਾਲ ਕੇ, ਹਾਥੋਂ ਮੇਂ ਆ ਗਏ।
ਕਹਤੇਂ ਹੈਂ ਯੇਹ ਤੋ ਬੁਰਾ ਸ਼ਾਹਿ-ਹਿੰਦੁਸਤਾਨ ਕੋ।
ਤੁਮ ਦੇਖਤੇ ਹੋ ਰਹਿਮ ਸੇ, ਕਿਉਂ ਇਨ ਕੀ ਜਾਨ ਕੋ?”

ਨਵਾਬ ਸਾਹਿਬ ! ਬੜਾ ਅਜੀਬ ਹੈ ਕਿ ਤੁਸੀਂ ਵੀ ਬੱਚਿਆਂ ਦੀਆਂ ਗੱਲਾਂ ਵਿਚ ਆ ਗਏ ਹੋ। ਉਸ ਬੁੱਤਾਂ ਨੂੰ ਤੋੜਨ ਵਾਲੇ ਗੁਰੂ ਦੇ ਬੱਚਿਆਂ ਦੇ ਦਾਅ–ਪੇਚਾਂ ਵਿਚ ਆ ਗਏ ਹੋ। ਸਰਦਾਰ ਹੋ ਕੇ ਬੜੇ ਨੀਵੇਂ ਪੱਧਰ ਦੀਆਂ ਸੋਚਣ ਲੱਗੇ ਹੋ। ਸੰਭਲੋ, ਗਿਰਾਵਟ ਤੇ ਪਤਨ ਤੁਹਾਨੂੰ ਆਪਣੀ ਪਕੜ ਵਿਚ ਨਾ ਲੈ ਲੈਣ। ਇਹ ਤਾਂ ਹਿੰਦੁਸਤਾਨ ਦੇ ਬਾਦਸ਼ਾਹ ਨੂੰ ਮਾੜਾ ਆਖ ਰਹੇ ਹਨ ਅਤੇ ਤੁਸੀਂ ਇਨ੍ਹਾਂ ਵੱਲ ਰਹਿਮ ਦੀਆਂ ਨਿਗਾਹਾਂ ਨਾਲ ਵੇਖ ਰਹੇ ਹੋ। ਐਸਾ ਕਿਉਂ?

100.

“ਖੈਂਚੋ ਜ਼ਬਾਨੇਂ ਬਰ-ਸਰਿ-ਦਰਬਾਰ ਐਸੋਂ ਕੀ।
ਮੇਰਾ ਜੁ ਬਸ ਚਲੇ, ਹੈ ਸਜ਼ਾ ਦਾਰ ਐਸੋਂ ਕੀ।
ਦਿੱਲੀ ਮੇਂ ਜੁ ਰਪਟ ਸੁਨੇ ਸਰਕਾਰ ਐਸੋਂ ਕੀ।
ਨਾਹੱਕ ਕੋ ਹਮ ਪੇ ਆ ਪੜੇ ਫਿਟਕਾਰ ਐਸੋਂ ਕੀ।
ਤਕਦੀਰ ਫਿਰ ਗਈ ਹੈ ਤੋ ਕੁਛ ਅਪਨਾ ਬਸ ਨਹੀਂ।
ਇਨ ਪੇ ਦੁਹਾਈ ਰਾਮ ਕੀ, ਖਾਨਾ ਤਰਸ ਨਹੀਂ।”

ਐਸੇ ਗੁਸਤਾਖ਼ ਬੱਚਿਆਂ ਦੀਆਂ ਤਾਂ ਭਰੇ ਦਰਬਾਰ ਵਿਚ ਜ਼ਬਾਨਾਂ ਹੀ ਖਿੱਚ ਲੈਣੀਆਂ ਚਾਹੀਦੀਆਂ ਹਨ। ਜੇਕਰ ਮੇਰਾ ਵੱਸ ਚੱਲੇ ਤਾਂ ਇਨ੍ਹਾਂ ਨੂੰ ਸੂਲੀ ਦੀ ਸਜ਼ਾ ਦੇਵਾਂ। ਜੇਕਰ ਦਿੱਲੀ ਦਰਬਾਰ ਵਿਚ ਇਹ ਵਾਕਿਆ ਪੁੱਜ ਗਿਆ ਤਾਂ ਬਿਨਾਂ ਕਾਰਨ ਸਾਨੂੰ ਫਿਟਕਾਰਾਂ ਪੈਣਗੀਆਂ। ਜੇਕਰ ਤਕਦੀਰ ਮਾੜੀ ਹੈ ਤਾਂ ਆਪਾਂ ਕੀ ਕਰ ਸਕਦੇ ਹਾਂ, ਲੇਕਿਨ ਰਾਮ ਦੀ ਦੁਹਾਈ ਹੈ, ਇਨ੍ਹਾਂ ਉੱਤੇ ਬਿਲਕੁਲ ਤਰਸ ਨਾ ਖਾਣਾ।

(ਚਲਦਾ)

● ● ●

ਤੁਸੀਂ ਸਫਲਤਾ ਨਾਲੋਂ ਅਸਫਲਤਾ ਤੋਂ ਜ਼ਿਆਦਾ ਸਿੱਖਦੇ ਹੋ।

ਫਲਾਂ ਦੀ ਮਹੱਤਤਾ

ਸੇਬ ਹੀ ਨਹੀਂ, ਸਗੋਂ ਸਾਰੇ ਹੀ ਫਲਾਂ ਵਿਚ ਕੁਝ ਅਜਿਹੇ ਖੁਰਾਕੀ ਤੱਤ ਛੁੱਪੇ ਹੁੰਦੇ ਹਨ ਜੋ ਮਨੁੱਖਾ ਸਰੀਰ ਨੂੰ ਤੰਦਰੁਸਤ ਤਾਂ ਰਖਦੇ ਹੀ ਹਨ, ਸਗੋਂ ਸੋਹਣਾ ਵੀ ਬਣਾਉਂਦੇ ਹਨ। ਵਿਗਿਆਨਕਾਂ ਅਨੁਸਾਰ ਮਨੁੱਖ ਬਾਂਦਰ ਜਾਤੀ ਤੋਂ ਵਿਕਸਤ ਹੋਇਆ ਹੈ ਤਾਂ ਵੇਖਿਆ ਜਾਵੇ ਤਾਂ ਬਾਂਦਰ ਸਿਰਫ ਫਲ ਹੀ ਖਾਂਦਾ ਹੈ ਅਤੇ ਸਾਰਾ ਦਿਨ ਇਕ ਤੋਂ ਦੂਸਰੇ ਰੱਖ ਤੇ ਟਪੂਸੀਆਂ ਮਾਰਦਾ ਰਤਾ ਭਰ ਵੀ ਥੱਕਦਾ ਨਹੀਂ ਹੈ। ਇਵੇਂ ਹੀ ਫਲ-ਫਰੂਟ ਖਾਣ ਵਾਲੇ ਬੱਚਿਆਂ ਵਿਚ ਜ਼ਿਆਦਾ ਦਿਮਾਗੀ ਅਤੇ ਸਰੀਰਕ ਤਾਕਤ ਹੁੰਦੀ ਹੈ ।

ਤਾਜ਼ੇ ਦੁੱਧ ਵਾਂਗ ਤਾਜ਼ੇ ਫਲਾਂ ਵਿਚ ਮਿਲਾਵਟ ਦੀ ਗੁੰਜਾਇਸ਼ ਘੱਟ ਹੁੰਦੀ ਹੈ। ਆਮ ਲੋਕ ਵਿਦੇਸ਼ਾਂ ਅਤੇ ਦੂਰ-ਦੁਰਾਡੇ ਸੂਬਿਆਂ ਤੋਂ ਆਏ ਫਲਾਂ ਨੂੰ ਖਾਣ 'ਚ ਵਡਿਆਈ ਸਮਝਦੇ ਹਨ। ਆਪਣੀ ਬਗੀਚੀ, ਆਪਣੇ ਨੇੜੇ-ਤੇੜੇ ਦੇ ਇਲਾਕੇ ਜਾਂ ਆਪਣੀ ਗੁਆਂਢੀ ਸੂਬਿਆਂ ਤੋਂ ਆਏ ਫਲਾਂ ਦਾ ਹੀ ਸੇਵਨ ਕਰਨਾ ਚਾਹੀਦਾ ਹੈ ਕਿਉਂਕਿ ਦੂਰ ਦੁਰਾਡੇ ਤੋਂ ਆਏ ਫਲ ਹਮੇਸ਼ਾਂ ਹੀ ਕੈਮੀਕਲ ਕਿਰਿਆਵਾਂ 'ਚੋਂ ਲੰਘੇ ਹੁੰਦੇ ਹਨ ਅਤੇ ਜ਼ਿਆਦਾ ਦਿਨ ਪੁਰਾਣੇ ਹੋਣ ਕਰਕੇ ਫਲਾਂ ਦੇ ਬਹੁਤ ਸਾਰੇ ਪੋਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ ਜਦੋਂ ਕਿ ਆਪਣੇ ਨੇੜੇ-ਤੇੜੇ ਤੋਂ ਆਏ ਫਲ ਤਾਜ਼ਾ ਹੋਣ ਦੇ ਨਾਲ ਆਪਣੇ ਇਲਾਕੇ ਦੀ ਤਾਸੀਰ ਮੁਤਾਬਕ ਜਲਦੀ ਹਜ਼ਮ ਹੋ ਕੇ ਜ਼ਿਆਦਾ ਫਾਇਦਾ ਦਿੰਦੇ ਹਨ ।

ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535



ਸਾਡੇ ਦੇਸ਼ 'ਚ ਰਿਵਾਜ਼ ਜਿਹਾ ਬਣ ਗਿਆ ਹੈ ਕਿ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਜਾਣ ਲਈ ਮਠਿਆਈ ਦੇ ਡੱਬੇ ਲੈ ਕੇ ਜਾਂਦੇ ਹਾਂ। ਬਜ਼ਾਰੂ ਮਠਿਆਈਆਂ ਉਤੇ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਜੇ ਵਿਸ਼ਵਾਸ਼ ਵੀ ਕਰ ਲਈਏ ਤਾਂ 20-25 ਰੁਪਏ ਕਿਲੋ ਖੰਡ ਦੀ ਮਠਿਆਈ 200-250 ਰੁਪਏ ਕਿਲੋ ਖਰੀਦ ਕੇ ਅਸੀਂ ਆਪ ਹੀ ਸ਼ੂਗਰ ਰੋਗ ਨੂੰ ਅਵਾਜ਼ਾਂ ਮਾਰਦੇ ਹਾਂ। ਉਪਰੋਂ ਦੁਕਾਨਦਾਰ ਗੱਤੇ ਦਾ ਭਾਅ ਵੀ ਮਠਿਆਈ ਦੇ ਬਰਾਬਰ ਲਗਾਉਂਦਾ ਹੈ। ਜ਼ਰਾ ਕੁ ਸੋਚੋ ਕਿ ਏਨੇ ਰੁਪਏ ਖਰਚ ਕੇ ਘੱਟੋ-ਘੱਟ 10 ਦਰਜਨ ਕੇਲੇ ਜਾਂ 15 ਕਿਲੋ ਕਿੰਨੂ ਜਾਂ 6 ਕਿਲੋ ਸੇਬ ਜਾਂ 15 ਕਿਲੋ ਪਪੀਤਾ ਲੈ ਸਕਦੇ ਹਾਂ। ਇਤਨਾਂ ਜ਼ਿਆਦਾ ਫਲ ਗੱਤੇ ਦੇ ਛੋਟੇ ਜਿਹੇ ਡੱਬੇ ਦੀ ਥਾਂ ਵੱਡੀ ਟੋਕਰੀ 'ਚ ਸਮਾਉਂਦਾ ਹੈ । ਮਿੱਤਰ ਜਾਂ ਰਿਸ਼ਤੇਦਾਰ ਕਈ ਦਿਨਾਂ ਤੱਕ ਤਾਜ਼ਾ ਫਰੂਟ ਖਾਣਗੇ ਅਤੇ ਸਿਹਤ ਬਣਾਉਣਗੇ। ਪਰ ਕੀ ਕਰੀਏ ਇੰਝ ਕਰਨ ਨਾਲ ਤਾਂ ਸਾਡੀ ਨੱਕ ਨਹੀਂ ਰਹਿੰਦੀ।

ਫਲਾਂ ਵਿਚ ਵਿਟਾਮਨਾਂ ਅਤੇ ਹੋਰ ਕੀਮਤੀ ਤੱਤਾਂ ਤੋਂ ਇਲਾਵਾ ਫ਼ੈਕਟੋਜ਼ ਨਾਮ ਦੀ ਮਿਠਾਸ ਹੁੰਦੀ ਹੈ ਜੋ ਸਾਡੇ ਮਿਹਦੇ ਵਿਚ ਛੇਤੀ ਅਤੇ ਸੋਖੀ ਹਜ਼ਮ ਹੋ ਜਾਂਦੀ ਹੈ ਜਦੋਂ ਕਿ ਮਠਿਆਈ ਨੂੰ ਪਚਾਉਣ ਲਈ ਮਿਹਦੇ, ਤਿੱਲੀ, ਅੰਤੜੀਆਂ, ਜਿਗਰ ਅਤੇ ਗੁਰਦਿਆਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਫਲਾਂ ਨੂੰ ਆਮ ਪ੍ਰਚਲਿਤ ਅੰਨ ਵਾਂਗ ਅੱਗ ਤੇ ਪਕਾਉਣ ਦੀ ਲੋੜ ਨਹੀਂ ਪੈਂਦੀ, ਜਿਸ ਨਾਲ ਦੇਸ਼ ਦਾ ਵੱਡਮੁੱਲਾ ਬਾਲਣ ਗੈਸ ਭੰਡਾਰ ਤਾਂ ਬੱਚਦਾ ਹੀ ਹੈ ਅਤੇ ਨਾਲ ਨਾਲ ਸਮੇਂ ਦੀ ਵੀ ਬੱਚਤ ਹੁੰਦੀ ਹੈ। ਫਲਾਂ ਦੀ ਜ਼ਿਆਦਾ ਪੈਦਾਵਾਰ ਕਰਨ ਨਾਲ ਪੇਂਡੂ ਖੇਤਰ ਵਿਚ ਕਾਮਿਆਂ ਲਈ ਰੋਜ਼ਗਾਰ ਦੇ ਮੌਕੇ ਵਧਣਗੇ ਅਤੇ ਸਿਹਤਮੰਦ ਸਮਾਜ ਦੀ ਉਤਪਤੀ ਹੋਵੇਗੀ ।

ਤਾਂ ਆਉ, ਸੰਕਲਪ ਕਰੀਏ ਕਿ ਆਪਣੇ ਘਰਾਂ ਖੇਤਾਂ ਅਤੇ ਹਵੇਲੀਆਂ 'ਚ ਫਲਦਾਰ ਰੁੱਖ ਲਗਾਈਏ। ਤੁਹਾਡੇ ਲਗਾਏ ਫਲਦਾਰ ਰੁੱਖਾਂ ਦੀ ਉਪਜ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰਦੂਸ਼ਣ ਰਹਿਤ ਵਾਤਾਵਰਣ ਅਤੇ ਵਿਟਾਮਨਾਂ ਅਤੇ ਤੱਤਾਂ ਨਾਲ ਭਰਪੂਰ ਖਾਧ-ਪਦਾਰਥ ਦੇਵੇਗੀ। ਵਿਦਿਆਰਥੀ ਵਰਗ ਲਈ ਫਲ ਰੱਬ ਦਾ ਵਰਦਾਨ ਹਨ।

ਕਾਵਿ-ਕਿਆਰੀ

ਕਵਿਤਾ / ਅਤੀਤ ਤੋਂ ਅੱਜ ਤੱਕ

ਸੁਰਿੰਦਰ ਮਕਸੂਦਪੁਰੀ



ਸਮੇਂ ਦੀਆਂ ਬਦਲਦੀਆਂ
ਸਮੀਕਰਨਾਂ ਨਿਹਾਰਦਿਆਂ
ਸਮਾਜ ਦੀਆਂ
ਪਰਿਵਰਤਨਸ਼ੀਲ ਪ੍ਰਵਿਰਤੀਆਂ
ਖ਼ਿਆਲਦਿਆਂ
ਜ਼ਿੰਦਗੀ ਦੀ ਭਾਂਤ-ਸੁਭਾਂਤੇ
ਰਹੁ-ਰੰਗਾਂ ਨੂੰ ਪਛਾਣਦਿਆਂ
ਮੈਂ ਜਦੋਂ ਅਤੀਤ ਨੂੰ ਮਿਲਿਆ
ਉਸ ਨੇ ਸਵਾਗਤ ਤਾਂ ਕੀਤਾ
ਜੀ ਆਇਆਂ ਨੂੰ ਤਾਂ ਕਿਹਾ
ਪਰ ਨਿਰੰਤਰ ਚੱਲਦੇ ਰਹਿਣ ਦੀ
ਨਸੀਹਤ ਦੇਂਦਿਆਂ
ਉਸ ਨੇ ਅਗਾਂਹ ਤੋਰ ਦਿੱਤਾ

ਵਰਤਮਾਨ ਦੇ ਰਬੜ ਹੋਇਆ
ਤਾਂ ਮੈਂ ਉਸ ਨੂੰ
ਭਵਿੱਖ ਦੀਆਂ
ਕਿਆਸ ਅਰਾਈਆਂ ਲਗਾਉਂਦਿਆਂ
ਸੁਹਣੇ ਸੁਪਨ ਸਜਾਉਂਦਿਆਂ
ਅੱਗੇ ਵਧਣ ਦੀ
ਖਾਹਿਸ਼ ਪ੍ਰਗਟਾਈ
ਅਤੀਤ ਦੇ ਪੱਲੇ ਬੱਧੀ
ਨਸੀਹਤ ਦੁਹਰਾਈ

ਵਰਤਮਾਨ ਕਰੋਧਿਤ ਹੋਇਆ
ਕਹਿਣ ਲੱਗਾ :
ਐ ਅੰਨ੍ਹੀ ਦੌੜ ਦੇ ਦੌੜਾਕ ਬੰਦੇ
ਭਟਕੇ ਰਾਹਾਂ ਦੇ ਪਾਂਧੀ
ਪਹਿਲਾਂ ਮੇਰੇ ਅੱਜ ਦੇ ਗੁੱਝੇ ਭੇਦਾਂ ਨੂੰ
ਤਾਂ ਜਾਣ
ਇਨ੍ਹਾਂ ਨੂੰ ਸਹਿਜ ਹੋ ਕੇ ਮਾਣ
ਸੁਚੱਜੀ ਜੀਵਨ-ਜਾਚ ਸੰਗ
ਆਪਣਾ ਅੱਜ ਨਿਖਾਰ ਸੰਵਾਰ

ਤੇ ਫਿਰ ਮੈਂ ਵਰਤਮਾਨ ਦੀ
ਤਲਖ਼ ਹਕੀਕਤ ਨੂੰ
ਸਮਝਦਿਆਂ-ਸਵੀਕਾਰਦਿਆਂ
ਅੱਜ ਨੂੰ ਚੱਜ ਨਾਲ ਮਾਣਨ
ਸੁਚੱਜੀ ਜੀਵਨ-ਜੁਗਤ ਦੇ
ਗਹਿਰੇ-ਗੁੱਝੇ ਭੇਦ ਪਛਾਣਨ
ਔਝੜ-ਅਣਜਾਣੇ
ਪੰਧ-ਪੈਂਡਿਆਂ ਤੋਂ ਮੁੱਖ ਮੋੜ
ਅਗਲੇਰੀ ਮੰਜ਼ਿਲ ਪ੍ਰਾਪਤੀ ਵੱਲ
ਸੁਚੱਜੇ, ਸੁਚਾਰੂ, ਉਸਾਰੂ
ਰਾਹ-ਰਸਤੇ ਹੋ ਤੁਰਿਆ !


-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021,
ਮੋ. 99887-10234

* * * * *

ਕਵਿਤਾ/ ਢੋਲੀਆ ਵੇ ਢੋਲੀਆ

ਰਤਨ ਟਾਹਲਵੀ

ਭੰਗੜਾ ਪਾਉਣਾ ਅੱਜ ਕਮਾਲ ਕੁੜੇ ! ਤੂੰ ਨੱਚਣਾ ਮੇਰੇ ਨਾਲ ਕੁੜੇ।
ਢੋਲੀਆ ਵੇ ਢੋਲੀਆ ਤੂੰ ਵੀ ਸੁਣ ਲੈ ਮੇਰੇ ਬੇਲੀਆ।



ਇਹ ਆਮ ਬਨੇਰੇ ਉੱਤੇ ਕਿਹੜੀ ਬਹਿ ਗਈ ਏ।
ਮਰ ਜਾਣੀ ਮੇਰੇ ਦਿਲ ਵਿਚ ਆ ਕੇ ਲਹਿ ਗਈ ਏ।
ਬੋਲੀ ਪਾ ਕੇ ਪੁੱਛਣਾ ਮਰ ਜਾਣੀ ਦਾ ਹਾਲ ਕੁੜੇ।
ਭੰਗੜਾ ਪਾਉਣਾ ਅੱਜ ਕਮਾਲ ਕੁੜੇ ! ਤੂੰ ਨੱਚਣਾ ਮੇਰੇ ਨਾਲ ਕੁੜੇ।
ਢੋਲੀਆ ਵੇ ਢੋਲੀਆ ਤੂੰ ਵੀ ਸੁਣ ਲੈ ਮੇਰੇ ਬੇਲੀਆ।

ਅੱਜ ਪੌਂਡ ਤੇ ਡਾਲਰ ਵਾਰੂੰ ਮੇਰਾ ਦਿਲ ਦੇ ਜਾਨੀ 'ਤੇ।
ਜਿਦ੍ਹੀ ਪਿਆਰ 'ਚ ਮਿਲੀ ਦਿਲ ਦੀ ਇੱਕ ਨਿਸ਼ਾਨੀ 'ਤੇ।
ਅੱਜ ਬਚ ਕੇ ਰਹਿਣਾ ਦਿਲ ਵਿਚ ਆਊ ਭੁਚਾਲ ਕੁੜੇ।
ਭੰਗੜਾ ਪਾਉਣਾ ਅੱਜ ਕਮਾਲ ਕੁੜੇ ! ਤੂੰ ਨੱਚਣਾ ਮੇਰੇ ਨਾਲ ਕੁੜੇ।
ਢੋਲੀਆ ਵੇ ਢੋਲੀਆ ਤੂੰ ਵੀ ਸੁਣ ਲੈ ਮੇਰੇ ਬੇਲੀਆ।

ਅੱਜ ਰਤਨ ਵਰਿੰਦਰ ਰਲ ਕੇ ਭੰਗੜਾ ਪਾਵਣਗੇ।
ਅੱਜ ਟਾਹਲੀ ਦੇ ਵਿਚ ਪੂਰਾ ਜਸ਼ਨ ਮਨਾਵਣਗੇ।
ਇਹ ਦਿਨ ਉਡੀਕਿਆਂ ਨੂੰ ਹੋਇਆ ਪੂਰਾ ਸਾਲ ਕੁੜੇ।
ਭੰਗੜਾ ਪਾਉਣਾ ਅੱਜ ਕਮਾਲ ਕੁੜੇ ! ਤੂੰ ਨੱਚਣਾ ਮੇਰੇ ਨਾਲ ਕੁੜੇ।
ਢੋਲੀਆ ਵੇ ਢੋਲੀਆ ਤੂੰ ਵੀ ਸੁਣ ਲੈ ਮੇਰੇ ਬੇਲੀਆ।

* * * * *

ਕਵਿਤਾ / ਚੱਲ ਦਿਲਾ

‘ਸੁਖਵਿੰਦਰ ਸਿੰਘ ਜਲਾਲਪੁਰੀ’



ਚੱਲ ਦਿਲਾ ਚੱਲ ਉੱਥੇ ਚੱਲੀਏ
ਜਿੱਥੇ ਰੂਹ ਨੂੰ ਮਿਲਣ ਟਿਕਾਈਆਂ ਜੀ,
ਜਿੱਥੇ ਨਾ ਕੋਈ ਗ਼ਮ ਡਰਾਵੇ
ਨਾ ਖੁਸ਼ੀਆਂ ਤੇ ਸਹਿਨਾਈਆਂ ਜੀ।

ਜਿੱਥੇ ਨਾ ਕੋਈ ਹੋਏ ਮੁਹਾਰਤ
ਨਾ ਹੀ ਹੋਣ ਉਕਾਈਆਂ ਜੀ,
ਜਿਥੇ ਨਾ ਹੋਵੇ ਤਾਂਘ ਮਿਲਣ ਦੀ
ਨਾ ਕੋਈ ਫ਼ਿਕਰ ਜੁਦਾਈਆਂ ਜੀ।

ਜਿੱਥੇ ਨਾ ਕੋਈ ਆਪਣਾ ਹੋਵੇ
ਨਾ ਹੀ ਰੂਹਾਂ ਪਰਾਈਆਂ ਜੀ,
ਜਿਥੇ ਨਾ ਕੋਈ ਖਣਕੇ ਝਾਂਜਰ
ਨਾ ਹੋਵਣ ਸੁੰਨ ਮਸਾਈਆਂ ਜੀ।

ਜਿੱਥੇ ਨਾ ਕੋਈ ਰੁੱਸਦਾ ਹੋਵੇ
ਨਾ ਕੋਈ ਸੁਲਹ ਸਫ਼ਾਈਆਂ ਜੀ,
ਜਿਥੇ ਨਾ ਕੋਈ ਉੱਚਾ ਨੀਵਾਂ
ਨਾ ਕੋਈ ਵੰਡ ਵੰਡਾਈਆਂ ਜੀ।

ਜਿਥੇ ਨਾ ਹੋਵੇ ਯਾਰ ਦਾ ਮੋਢਾ
ਨਾ ਕੋਈ ਬਿੰਗ ਕਸਾਈਆਂ ਜੀ,
ਜਿਥੇ ਨਾ ਕੋਈ ਸ਼ੋਹਰਤ ਹੋਵੇ
ਨਾ ਕੋਈ ਜਗ ਹਸਾਈਆਂ ਜੀ।

ਜਿਥੇ ਨਾ ਹੋਵੇ ਮੈਂ ਮੈਂ ਕੋਈ
ਨਾ ਤੂੰ ਤੂੰ ਦੀਆਂ ਦੁਹਾਈਆਂ ਜੀ,
ਚੱਲ ‘ਸੁਖਵਿੰਦਰ’ ਘਰ ਉੱਥੇ ਪਾ ਲੈ
ਜਿਥੇ ਰੌਣਕ ਨਾ ਤਨਹਾਈਆਂ ਜੀ।

ਇੰਸਪੈਕਟਰ ਸੀ.ਬੀ.ਆਈ.
ਮੋਬਾਇਲ ਨੰ : 99063-81482

* * * * *

ਸੁੱਖੀ ਲੱਧਾ

ਸਤਿਨਾਮ ਅੌਜਲਾ ਵੈਨਕੂਵਰ

ਜੀਤੋ ਦੇ ਵਿਆਹ ਤੋਂ ਬਾਅਦ ਉਹਦੇ ਅਜੇ ਤੱਕ ਕੋਈ ਬੱਚਾ ਪੈਦਾ ਨਹੀਂ ਸੀ ਹੋਇਆ। ਵਿਆਹ ਹੋਏ ਨੂੰ ਹੁਣ ਵਾਹਵਾ ਚਿਰ ਹੋ ਗਿਆ ਸੀ ਤਕਰੀਬਨ ਤਕਰੀਬਨ ਦਸ ਸਾਲ ਹੋ ਗਏ ਹੋਣੇ ਆ। ਆਂਢ ਗੁਆਂਢ ਦੀਆਂ ਔਰਤਾਂ ਲੰਘਦੀ ਵੜਦੀ ਨੂੰ ਅਕਸਰ ਪੁੱਛਦੀਆਂ ਰਹਿੰਦੀਆਂ, ਕਹਿ ਦਿੰਦੀਆਂ ਕਦੇ ਤਾਂ ਰੱਬ ਵਹੁੜੂਗਾ। ਤੂੰ ਕਿਸੇ ਡਾਕਟਰ ਤੋਂ ਚੈੱਕ ਕਰਵਾ ਲੈਣਾ ਸੀ। ਹੁਣ ਤਾਂ ਵੀਹ ਡਾਕਟਰੀ ਸਹੂਲਤਾਂ ਹੋ ਗਈਆਂ ਆਂ।

ਹਾਂ ਭੈਣ ਜੀ ਕਈ ਥਾਈਂ ਚੈੱਕ ਕਰਵਾਇਆ, ਦਵਾਈਆਂ ਵੀ ਖਾਧੀਆਂ ਅਜੇ ਝੋਲੀ ਖੈਰ ਨਹੀਂ ਪਈ। ਚੰਗਾ ਭਾਬੀ ਤੂੰ ਇੰਜ ਕਰੀਂ ਸਾਡੇ ਪਿੰਡ ਆਈ ਇਕ ਵਾਰੀ ਬਾਬੇ ਦੀ ਮਜਾਰ ਤੇ ਸੁੱਖਣਾ ਸੁੱਖ ਕੇ ਆਈਂ। ਉਥੋਂ ਕਦੀ ਕੋਈ ਖਾਲੀ ਨਹੀਂ ਗਿਆ। ਉਂਝ ਤਾਂ ਭੈਣ ਜੀ ਬਥੇਰੇ ਥਾਂਈ ਜਿਥੇ ਕਿਸੇ ਨੇ ਦਸ ਪਾਈ ਅਸੀਂ ਗਏ ਆਂ। ਬਾਬੇ ਦਾ ਚੂਰਮਾ ਦਿੱਤਾ। ਸਵਾ ਮਹੀਨਾ ਨੰਗੇ ਪੈਰੀਂ ਪੀਰ ਦੀ ਮਜਾਰ ਤੇ ਸਰੋਂ ਦੇ ਤੇਲ ਦੇ ਦੀਵੇ ਬਾਲੇ, ਕਿਤੇ ਬਾਬਾ ਨਹੀਂ ਬਹੁੜਿਆ। ਜਠੇਰਿਆਂ ਦੀਆਂ ਮੱਟੀਆਂ ਤੇ ਦੀਵੇ ਜਗਾ ਕੇ ਝਾੜੂ ਬਹਾਰੂ ਕੀਤਾ, ਕਿਤਿਉਂ ਖ਼ੈਰ ਨਹੀਂ ਪਈ। ਚੰਗਾ ਭਾਬੀ ਤੂੰ ਸਾਡੇ ਪਿੰਡ ਵੀਰੇ ਨੂੰ ਨਾਲ ਲੈ ਕੇ ਆਈ। ਮੈਂ ਤੇਰੇ ਨਾਲ ਪੀਰ ਦੀ ਜਗ੍ਹਾ ਤੇ ਜਾ ਕੇ ਆਵਾਂਗੀ। ਦਾਤਾ ਮਿਹਰ ਕਰੂ। ਬਾਬੇ ਦੀ ਕਿਰਪਾ ਹੋਈ ਜੀਤੋ ਦੇ ਘਰ ਮੁੰਡਾ ਹੋਇਆ। ਬਹੁਤ ਚਾਅ ਨਾਲ ਸਾਰੇ ਪਿੰਡ ਨੂੰ ਚਾਹ ਪਾਰਟੀ ਤੇ ਸੱਦਿਆ। ਸ਼ਾਮ ਨੂੰ ਦਾਰੂ ਸਿੱਕੇ ਦੀ ਪਾਰਟੀ ਵੀ ਚੱਲੀ। ਘਰ ’ਚ ਪੂਰਾ ਚਾਅ ਰਹਿਣ ਲੱਗ ਪਿਆ। ਜੀਤੋ ਦੇ ਘਰ ਵਾਲਾ ਸਾਰਾ ਦਿਨ ਕੰਮ ਕਰਦਾ ਨਾ ਥੱਕਦਾ। ਵਕਤ ਦੇ ਨਾਲ ਮੁੰਡੇ ਦੇ ਚਾਅ ਮਲ੍ਹਾਰ ਪੂਰੇ ਹੋਣ ਲੱਗ ਪਏ। ਜੀਤੋ ਹਰ ਗਲੇ ਕਹਿੰਦੇ ਨ ਥੱਕਦੀ, ਬਾਬੇ ਤੋਂ ਮੰਗਿਆ ਬਾਬੇ ਨੇ ਦਿੱਤਾ। ਤੁਰੀ ਫਿਰਦੀ ਮੁੰਡੇ ਦੀਆਂ ਘੋੜੀਆਂ ਗੁਣਗੁਣਾਉਂਦੀ ਰਹਿੰਦੀ।

ਜੀਤੋ ਹਰ ਗਲ ਤੇ ਕਹਿੰਦੀ ਨ ਥੱਕਦੀ, ਰੱਬ ਤੋਂ ਮੰਗਿਆ ਰੱਬ ਨੇ ਦਿੱਤਾ। ਸਾਰਾ ਦਿਨ ਕੰਮ ਕਾਰ ਵੀ ਕਰਦੀ ਮੁੰਡੇ ਦੇ ਮੂੰਹ ਵੱਲ ਤੱਕਦੀ ਰਹਿੰਦੀ, ਕਦੇ ਮੂੰਹ ਵੀ ਚੱਟ ਲੈਂਦੀ। ਜਦੋਂ ਸਕੂਲ ਨੂੰ ਪੜ੍ਹਨ ਜਾਂਦਾ ਦੂਰ ਤੱਕ ਉਹਦਾ ਰਾਹ ਪਿਛੋਂ ਤੱਕਦੀ ਰਹਿੰਦੀ। ਹੁਣ ਉਹਦੇ ਘਰ ਵਾਲਾ ਕਦੀ ਕਦਾਈਂ ਕਹਿਣ ਲੱਗ ਪਿਆ, ਤੂੰ ਇਹਨੂੰ ਸਿਰ ਨਾ ਚੜ੍ਹਾਇਆ ਕਰ, ਹੁਣ ਤਕੜਾ ਹੋ ਗਿਆ। ਕੰਮ ਕਾਰ ’ਚ ਮੇਰਾ ਹੱਥ ਵਟਾਉਣ ਜੋਗਾ ਹੋ ਗਿਆ। ਖੂਹ ਪੈੜੇ ਦਾ ਕੰਮ ਕਰਨ ਲਈ ਕਿਹਾ ਕਰ। ਜੀਤੋ ਝੱਟ ਦੇਣੀ ਕਹਿ ਦਿੰਦੀ, ਕੋਈ ਨਹੀਂ ਕਰ ਲਊਗਾ, ਸਾਰੀ ਉਮਰ ਕੰਮ ਕਰਨ ਨੂੰ ਪਈ ਆ। ਮੇਰਾ ਮਸਾਂ ਮਸਾਂ ਇਕੋ ਤਾਂ ਹੈ। ਮੁੰਡਿਆਂ ਨਾਲ ਫਿਰਨ ਤੁਰਨ ਜਾਂਦਾ, ਕੋਈ ਨਹੀਂ।

ਹੁਣ ਲੱਭਾ ਵੇਲੇ ਕੁਵੇਲੇ ਮੁੰਡਿਆਂ ਨਾਲ ਘਰੋਂ ਖੇਲਣ ਬਹਾਨੇ ਖਿਸਕ ਜਾਂਦਾ। ਹੌਲੀ-ਹੌਲੀ ਭੈੜੀ ਸੰਗਤ ਦੀ ਚੁੰਗਲ ’ਚ ਫਸ ਗਿਆ। ਇਸ ਢਾਣੀ ’ਚੋਂ ਹਟਾਉਣ ਲਈ ਲੱਭੇ ਦੇ ਵਿਆਹ ਕਰਨ ਦੀ ਸੋਚ ਲਈ। ਕੁੜੀ ਟੋਲ ਕੇ ਲੱਭੇ ਦਾ ਵਿਆਹ ਕਰ ਦਿੱਤਾ। ਕੱਲ੍ਹਾ ਮੁੰਡਾ ਦੇਖ ਕੇ ਰਿਸ਼ਤਾ ਵੀ ਲੱਭੇ ਲਈ ਮਿਲ ਗਿਆ। ਜੀਤੋ ਦੇ ਘਰ ਵਾਲਾ ਭਾਵੇਂ ਕਾਮਾ ਤਕੜਾ ਸੀ, ਪਰ ਉਮਰ ਦਾ ਤਕਾਜ਼ਾ ਹੋਣ ਕਰਕੇ ਸਰੀਰ ਘਟਣ ਲੱਗ ਪਿਆ। ਇਕ ਦਿਨ ਅਚਾਨਕ ਦਿਲ ਦਾ ਦੌਰਾ ਪੈਣ ਕਰਕੇ ਮੌਤ ਹੋ ਗਈ।

ਜੀਤੋ ਨੇ ਬੜਾ ਦਿਲ ਬੰਨਿਆ ਪਰ ਦਿਨ-ਬ-ਦਿਨ ਸਰੀਰ ਘਟਣ ਲੱਗ ਪਿਆ। ਕਿਉਂਕਿ ਸਰੀਰ ਕਮਜ਼ੋਰ ਹੋ ਚੁੱਕਾ ਸੀ। ਘਰ ਦੇ ਆਮਦਨ ਦੇ ਵਸੀਲੇ ਟੁੱਟ ਗਏ। ਨੂੰਹ ਦਾ ਸੁੱਖ ਵੀ ਨਸੀਬ ਨ ਹੁੰਦਾ। ਸਾਰਾ ਦਿਨ ਮਾਲ ਡੰਗਰ ਸਾਂਭਦੀ ਘਰ ਆਉਂਦੀ, ਜੀਤੋ ਨੂੰ ਘਰ ਦਾ ਓਡੋ ਗੇਡਾ ਕੰਮ ਮੋਹਰੇ ਪਿਆ ਮਿਲਦਾ। ਜੀਤੋ ਜੇ ਮੁੰਡੇ ਜਾਂ ਨੂੰਹ ਨੂੰ ਕੁਝ ਕੰਮ ਦਾ ਕਹਿੰਦੀ ਮੂਹਰਿਓਂ ਟਕੇ ਵਰਗਾ ਜਵਾਬ ਮਿਲਦਾ। ਆਪੇ ਕਰਲਾ ਤੇਰੇ ਹੱਥ ਟੁੱਟੇ ਆ। ਇਕ ਦਿਨ ਜੀਤੋ ਖਿੱਝ ਕੇ ਬੋਲ ਪਈ। ਮੈਨੂੰ ਸਾਰੀ ਉਮਰ ਸੁੱਖ ਨਾ ਮਿਲਿਆ ਵੇ ਤੈਨੂੰ ਜੋ ਸੁੱਖਣਾ ਸੁੱਖ ਕੇ ਲਿਆ ਸੀ। ਅੰਦਰੋਂ ਨੂੰਹ ਬੋਲਦੀ ਆਈ ਪਤਾ ਨਹੀਂ ਕਦੋਂ ਬੁੱਢੀ ਮਰੇ ਸਾਡੀ ਜਾਨ ਛੱਡੇ।

ਜੀਤੋ ਦੇ ਮੂੰਹ ’ਚੋਂ ਆਹ ਨਿਕਲੀ ਵੇ ਤੂੰ ਆਪ ਮਰ ਗਿਆ, ਮੈਨੂੰ ਆਹ ਸੁਣਨ ਨੂੰ। ਮੈਨੂੰ ਵੀ ਆਪਣੇ ਕੋਲ ਲੈ ਚਲ। ਜੀਤੋ ਨੇ ਜ਼ੋਰ ਦੀ ਹਾਉਕਾ ਲਿਆ। ਰੱਬ ਕਿਤੇ ਨੇੜੇ ਬੈਠਾ ਸੁਣਦਾ ਸੀ। ਉਹਦੇ ਪ੍ਰਾਣ ਨਿਕਲ ਗਏ।

ਨੂੰਹ ਵਿਹੜੇ ’ਚ ਬੈਠੀ ਉੱਚੀ-ਉੱਚੀ ਵੈਣ ਪਾ ਰਹੀ ਸੀ। ਰੱਬਾ ਮੇਰੀ ਮੰਮੀ ਨੂੰ ਕੀ ਕਰ ਦਿੱਤਾ। ਮੇਰੇ ਤਾਂ ਕੋਈ ਚਾਅ ਪੂਰਾ ਨਹੀਂ ਕੀਤਾ। ਤੂੰ ਮੇਰੀ ਮੰਮੀ ਖੋਹ ਲਈ। ਹਾਏ ਵੇ ਰੱਬਾ। ਮੰਮੀਏ ਤੇਰੇ ਤੋਂ ਬਿਨਾਂ ਹੁਣ ਮੇਰੇ ਚਾਅ ਕੌਣ ਪੂਰੇ ਕਰੂ। ਹਾਓ ਉਏ ਰੱਬਾ, ਤੂੰ ਕੀ ਕਹਿਰ ਕਰਤਾ।

अनमोल वचन

1. अपनी गलती मान लेना ही महान चरित्र का लक्षण है।
2. समय विपरीत होने पर धैर्य न छोड़ो।
3. प्रयत्नशील मनुष्य हमेशा आगे बढ़ता है।
4. क्रोध मूर्खता से उत्पन्न और पश्चाताय से समाप्त होता है।
5. एक अच्छी माता सौ शिक्षकों के समान है।
6. किसी व्यक्ति को इतना गरीब भी नहीं होना चाहिए कि वह दूसरों को मुस्कान रुपी उपहार भी न दे सके।
7. जिंदगी में विशेषता की बात यह नहीं कि मेरे पास क्या है? अहमयित की बात तो यह है कि मैं क्या हूँ?
8. घृणा को अपने दिल में स्थान मत दो, क्योंकि घृणा एक विष है जो सारे शुभ गुणों को नष्ट कर डालता है।

सतेन्द्र सिंह

किस के दिल में क्या है?

1.	**माँ के दिल में**	–	**ममता**
2.	**पिता के दिल में**	–	**कर्तव्य**
3.	**बहन के दिल में**	–	**स्नेह**
4.	**भाई के दिल में**	–	**प्यार**
5.	**अमीर के दिल में**	–	**घमण्ड**
6.	**गरीब के दिल में**	–	**दर्द**
7.	**सज्जन के दिल में**	–	**नम्रता**
8.	**गुरु के दिल में**	–	**ज्ञान**

शेयर

अमीर की आँख रोती है,
दिल रोता है गरीब का,
इसमें किसी का क्या दोष
सारा खेल है नसीब का॥

मेरी यादों को मुझसे मत छीनो,
यही तो मेरे जीवन का एक अंग है,
एक मेरा ही जीवन कोरा काग़ज़,
वैसे दुनियां में बहुत रंग है।

गीतिका

आज का युवा वर्ग एक ऐसी नामुराद बीमारी की चपेट में आता जा रहा है जिस को हम 'नशा' कहते हैं। आज समय की यह सबसे बड़ी समस्या उभर कर सामने आ रही है। अतः इस 'नशा' रुपी बिमारी से निजात पाने के लिए समाज के हर व्यक्ति को आगे आना होगा। माता-पिता से लेकर शिक्षकों तक। घर में माता-पिता और स्कूल व कालेज में शिक्षकों को युवाओं को इस के लिए चेतान्य करना होगा। बच्चों में खेल-कूद की भावना पैदा करनी होगी तांकि व शरीरिक तौर पर फिट रहे। सरकार को भी नशा सपलाई करने वालों को सख़्ती से पकड़ना होगा तांकि आने वाली पीढ़ी को बचाइया जा सके। इस के लिए हम सभी को बहुत मेहनत करने की आवश्यकता है नहीं तो आने वाला समय बहुत भयंकर स्थिति उत्पन्न कर देगा।

आओ हम सब मिल कर 'नशा विरोधी' आन्दोलन चला कर अपनी आने वाली पीढ़ी को बचाये और इस यत्न को आगे बढ़ा कर युवाओं में पनप रही नशा-प्रवृत्ति को रोक कर देश का उद्धार करें।

प्रो. कुलवंत कौर

LABOUR DAY

Introduction - Labour Day is a special day dedicated to the labour class to recognize their hard work and efforts. It is celebrated across the globe in various countries. In most of the countries it is celebrated on the 1st of May that happens to be the International Workers' Day. The history and origin of Labour Day differs in different countries.

Labour Day – The Origin of the Idea - With the growth of industrialization in Canada towards the end of the 19th century, the labour class became loaded with work. Their number of working hours and the amount of work increased drastically while their wages continued to be meagre. They were exploited to the core and this exploitation caused a lot of distress among them. Many of them fell ill due to the constant work load and many even lost their life owing to this reason. In order to raise their voice against this injustice, labourers from different parts of the country joined hands. They carried out various movements against the tyranny of the capitalist class.

Labour Day in Canada - In Canada, the Labour Day is celebrated on the first Monday of September. The labour class in the country was given its rightful rights after a lot of struggle. A number of movements were carried out in this direction by the labour unions.

It was the Toronto Printers Union that demanded lesser working hours in early 1870s. In March 1872, they went on strike to get their demands fulfilled. They also conducted demonstrations for the rights of the workers. The printing industry in the country suffered immense loss due to this strike. Trade unions were formed in other industries too and soon they all came together to raise their voice against the industrialists.

Around 24 leaders were arrested for instigating people to go on strike. Going on strike was an offence at that time. The law did not even allow the formation of trade unions. However, the protests continued and they were soon released. Few months later, similar parade was organised in Ottawa. This forced the government to revise the law against the trade unions. Canadian Labour Congress was eventually formed.

Labour Day in United States - During the late 19th century, the trade unions in the United States suggested a special day to mark the contribution of the labour class towards the society.

The growing exploitation of the labour class in the United States led to the Central Labour Union and Knights of Labours joining hands. Together, they led the first parade that marked a significant movement against the industrialists who were exploiting the labourers by paying them meagre wages and forcing them to work for long hours. The first parade was held in New York City. Workers from various organizations participated in it to stand for the cause. Their demands were eventually heard.

In the year 1887, Labour Day was observed as a public holiday for the first time in Oregon. By 1894 as many as 30 states in United States began celebrating Labour Day. The day is celebrated to honour the American Labour Movement.

Alternatively, it is said that it was Peter J. McGuire from the American Federation of Labour who first suggested that a special day must be dedicated to the labourers. He came up with the proposal in May 1882 after having seen the annual labour festival in Toronto, Ontario, Canada.

Just as in Canada, Labour Day in the United States is also celebrated on the 1st Monday of September each year.

Conclusion - Labour Day is a time to relax and rejuvenate. It is also the time to honour those who fought for the rights of the labourers and brought about reforms. It is only because of the few people who came forward and encouraged others to do so too that the labourers were given their lawful rights.

Er. Parminderjit Singh



MATRIMONIAL



MATCH FOR 1991/6' HEIGHT LUBANA BOY RESIDING IN GERMANY (PR), STUDY – DIPLOMA IN MECHANICAL ENGINEERING FROM SAI POLYTECNIC COLLEGE. FATHER- RETIRED FROM PWD 2020, MOTHER -HOUSE MAKER, SISTER -BANK OFFICER, BROTHER-IN-LAW- GAZZATED OFFICER, YOUNGER BROTHER – LIVING IN AUSTRALIA (PR),RESIDENCE IN PATHAANKOT, PRIORITY WILL BE GIVEN TO LUBANA COMMUNITY. CONTACT -86999-86991

* * * * *

MATCH FOR HANDSOME LABANA SIKH BOY 1997/ 6 FT, B.TECH+MBA, WORKING IN MNC AS MANAGER.PARENTS GOVT. RETIRED.SIBLINGS- TWO SISTERS,ONE MARRIED.BOY GOT HANDSOME SALARY.CONTACT -9466504766

* * * * *

SEEKING SUITABLE MATCH FOR 03.04.1997 BORN/6'2" BOY, PUNJAB, INDIA (CAME TO THE USA AT AGE 2), EDUCATION- BECHELORS- COMPUTER ENGR. FROM UOP 2019 & MASTER OF COMPUTER ENGR. FROM SJSU, OCCUPATION – INFORMATION SYSTEM ANALYST FOR THE COUNTRY OF SAN JOAQUIN [GOVT. JOB] & 2ND JOB OPERATIONAL MANAGER FOR PS BAJWA INC. FATHER & MOTHER RESIDENCE IN MUKERIAN AND ONE SISTER MARRIED (LIVING IN PA) CONTACT – 001 209 9221122 (FATHER) 94174-27193 (WHATSAPP ONLY)

* * * * *

MATCH FOR GIRL 29 YEARS, 5'8", FAIR COMPLEXION, EDUCATION-MBBS, MD (PERSUING), FAMILY- FATHER & MOTHER, BROTHER DOCTORS, FAMILY IS HIGHER MIDDLE CLASS- HAVING OWN HOSPITAL, OFFICER FAMILY. BOY PREFERENCE DOCTOR OR IAS, PCS, IPS OFFICER. CONTACT – 9872082985

* * * * *

LOOKING SUITABLE MATCH FOR BEAUTIFUL GIRL 15.09.1998 BORN, HRIGHT 5', QULAIFICATIONS - BSC NURSING 4 YEARS PGI CHANDIGARH, OCCUPATION – NURSING OFFICER (GRADE 2) AT PGI CHANDIGARH. FAMILY - FATHER INSP. IN PUNJAB POLICE, MOTHER HOUSEWIFE, BROTHER – MARRIED. BOY PREFERENCE – ANY GOVT. JOB, CHANDIGARH MOHALI PANCHKULA & ZIRAKPUR. CONTACT – 6284963582, 9592913064

* * * * *

LUBANA SIKH BOY ASSTT. PROF. MAY '2001 5.7 FT B.TECH. (AERONAUTICAL) M.TECH. (MECH), Ph.D. (PURSUING) BELONGS TO YAMUNA NAGAR (HARYANA). REQUIRED SUITABLE MATCH, CONT. @ 9813412292...8699243271

* * * * *

MATCH FOR 02.06.1998 BORN, FAIR COLOUR GIRL/ HEIGHT 5'6", EDUCATION – MD FROM PGI, WORKING AS PGI SR. RESIDENT DOCTOR, FAMILY – FATHER GOVT. JOB CHD. AS SUB INSPECTOR -PUNJAB POLICE, MOTHER – HOUSE WIFE, SIBLING- YOUNGER BROTHER SOFTWARE ENGINEER GURGAON (UNMARRIED), BOY PREFERENCE IN SAME FIELD OF DOCTOR OR ANY HIGHER POST RECOMMENDED & SHOULD BE FROM SIKH FAMILY. CONTACT – 9463515935, 7508911805

* * * * *

SEEKING MATCH FOR 34 YRS, HEIGHT 5'8" LUBANA SIKH BOY, EDUCATION – B.TECH, GOLD MEDALIST, AMITY UNIVERSITY, WORKING AS MANAGER IN IT MNC – COGNIZANT, JOB IN GURGAON, PACKAGE 20-25 LPA. FAMILY – FATHER(RETD.) FROM GOVT. JOB, MOTHER HOMEMAKER (GRADUATE), SIBLINGS – ONE SISTER (MARRIED) B.TECH AND WORKING. SEEKING WORKING GIRL IN PRIVATE/ CORPORATE SECTOR. CONTACT – 78915-05401

SEEKING MATCH FOR JAN 1998 BORN, 5'10" HEIGHT, LUBANA SIKH BOY, CITY WINIPEG (MANITOBA) CANADA, QUALIFICATION GRADUATION IN BCA, MOHALI, OTHERS COMPUTER COURSE, ONE YEAR DIPLOMA DISPATCH IN CANADA, FAMILY – MOTHER (HOUSEWIFE RESIDENCE IN MOHALI -PB) SIBLING- SISTER UNMARRIED IN CANADA PR. GIRL PREFERED HEIGHT 5'5" OR ABOVE WELL QUALIFIED FAMILY ORIENTED, PREFERENCE: MOHALI, CHANDIGARH. CONTACT – 9646425322

* * * * *

SUITABLE MATCH FOR LABANA BOY OCT 86 IT ENGINEER. UK CITIZEN .NO SIBLING. FATHER AGRICULTURIST IN DASUYA AREA. SETTLED IN OWN LANDED PROPERTY. BRIDE TO STAY PERMANENTLY IN UK WITH THE BRIDEGROOM. VERY SIMPLE MARRIAGE. CASTE NO BAR BUT LABANA SIKH FAMILY PREFERRED. CONTACT- 84275 93339 (Brother)

* * * * *

WANTED SUITABLE MATCH FOR US SETTLED AND CITIZEN LOBANA CASTE 1985 BORN 5.5" TALL FAIR COMPLEXION GIRL, WORKING AS PHYSION AND PATHOLOGY ASSISTANT IN ST JOHN UNIVERSITY NEW YORK. PARENTS SETTLED IN US FOR THE LAST 30 YEARS. CONTACT : 001 917 603 5704.

* * * * *

ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

● ● ●

ਹਰ ਘਰ ਵਿੱਚ ਅੰਮ੍ਰਿਤ ਵੇਲੇ ਸ੍ਰੀ ਜਪੁਜੀ ਸਾਹਿਬ ਦੇ ਇੱਕ ਪਾਠ ਕਰਨ ਦਾ ਦਸਤੂਰ ਅਪਨਾਉ। ਤੁਹਾਨੂੰ ਘਰ ਵਿਚ ਵਾਹਿਗੁਰੂ ਜੀ ਦੀ ਅਪਾਰ ਕਿਰਪਾ ਵਰਤਦੀ ਨਜ਼ਰ ਆਵੇਗੀ।

ਅਪ੍ਰੈਲ ਮਹੀਨੇ ਦਾਨੀ ਸੱਜਣਾਂ ਵੱਲੋਂ ਦਿੱਤੇ ਦਾਨ ਦੀ ਸੂਚੀ

ਲੜੀ ਨੰ:	ਨਾਮ ਤੇ ਪਤਾ	ਰਸੀਦ ਨੰ.	ਰਾਸ਼ੀ ਰੁਪਏ	ਮਿਤੀ
1.	ਸ. ਐਨ.ਪੀ. ਸਿੰਘ	821	2100/-	03.04.2026
	ਮ. ਨੰ: 2249, ਸੈਕਟਰ-48ਸੀ, ਚੰਡੀਗੜ੍ਹ। (ਆਨਲਾਇਨ ਪ੍ਰਾਪਤ ਕੀਤੇ।)			
2.	ਸ. ਹਰਜੀਤ ਸਿੰਘ, ਪ੍ਰਧਾਨ ਖਾਲਸਾ ਕਾਲਜ	822	5000/-	04.04.2026
	ਪਿੰਡ ਬੈਗੋਵਾਲ, ਕਪੂਰਥਲਾ। (ਆਨਲਾਇਨ ਪ੍ਰਾਪਤ ਕੀਤੇ।)			
3.	ਪੰਡਿਤ ਰਾਮ ਕੁਮਾਰ	823	500/-	14.04.2026
	ਬ.ਮ.ਸ.ਲ ਭਵਨ, ਸੈਕਟਰ-30ਏ, ਚੰਡੀਗੜ੍ਹ।			
4.	ਸ. ਰਵਿੰਦਰ ਸਿੰਘ	824	200/-	14.04.2026
	ਮ. ਨੰ: 2092, ਸੈਕਟਰ-45, ਚੰਡੀਗੜ੍ਹ।			
5.	ਕਰਨਲ ਗੁਪਦੀਪ ਸਿੰਘ (ਰਿਟਾ.)	825	500/-	14.04.2026
	ਮ. ਨੰ: 62, ਸੈਕਟਰ-71, ਮੋਹਾਲੀ।			
6.	ਸ. ਜਗੀਰ ਸਿੰਘ	826	200/-	14.04.2026
	ਮ. ਨੰ: 2258/2, ਸੈਕਟਰ-45ਸੀ, ਚੰਡੀਗੜ੍ਹ।			
7.	ਸ. ਜਸਬੀਰ ਸਿੰਘ	827	100/-	14.04.2026
	ਮ. ਨੰ: 1004, ਸੈਕਟਰ-68, ਮੋਹਾਲੀ।			
8.	ਸੂਬੇਦਾਰ ਮੇਜਰ ਜਸਪਾਲ ਸਿੰਘ	828	200/-	14.04.2026
	ਮੈਂਟੀਨੈਂਸ ਸਕੱਤਰ, ਮ. ਨੰ:18, ਏ.ਕੇ.ਐਸ. ਕਲੋਨੀ, ਜ਼ੀਰਕਪੁਰ।			
9.	ਸ. ਐਚ.ਐਸ. ਘੋਤੜਾ	829	200/-	14.04.2026
	ਮ. ਨੰ: 11, ਸੰਗਮ ਐਨਕਲੇਵ, ਸੈ-48ਏ, ਚੰਡੀਗੜ੍ਹ।			
10.	ਸ. ਬਲਵਿੰਦਰ ਸਿੰਘ ਮੁਲਤਾਨੀ	830	200/-	14.04.2026
	ਮ. ਨੰ: 541, ਫ਼ੇਸ-3, ਮੋਹਾਲੀ।			
11.	ਸ. ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ	831	200/-	14.04.2026
	ਮ. ਨੰ: 2354, ਫ਼ੇਸ-10, ਮੋਹਾਲੀ।			
12.	ਸ. ਅਮਰਜੀਤ ਸਿੰਘ ਮੁਲਤਾਨੀ	832	500/-	14.04.2026
	ਮ. ਨੰ: 42, ਸੈਕਟਰ-16ਏ, ਚੰਡੀਗੜ੍ਹ।			
13.	ਲੈ. ਗੁਲਸ਼ਨ ਕੁਮਾਰ ਸਿੰਘ (ਰਿਟਾ.)	833	500/-	14.04.2026
	ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ.ਨੰ. 3405, ਸੈਕਟਰ-40ਡੀ, ਚੰਡੀਗੜ੍ਹ।			
14.	ਸ. ਜਰਨੈਲ ਸਿੰਘ	834	500/-	14.04.2026
	ਮ. ਨੰ. 60, ਸੈਕਟਰ-23, ਪੰਚਕੂਲਾ।			

15.	ਸ. ਇੰਦਰਜੀਤ ਸਿੰਘ ਭਗਤਾਨਾ ਮ. ਨੰ. 415, ਸੈਕਟਰ-100, ਪਰਲ ਸਿਟੀ, ਐਸ.ਏ.ਐਸ. ਨਗਰ।	835	500/-	14.04.2026
16.	ਸ. ਹਰਨੂਰ ਸਿੰਘ ਮ. ਨੰ. 1239, ਸੈਕਟਰ- 23, ਚੰਡੀਗੜ੍ਹ।	836	100/-	14.04.2026
17.	ਸ. ਹਰਮਨਪ੍ਰੀਤ ਸਿੰਘ ਮੁਲਤਾਨੀ ਜਨਰਲ ਸਕੱਤਰ, ਸ਼ਾਸਤ੍ਰੀ ਕਲੋਨੀ, ਪਿਹੋਵਾ, ਹਰਿਆਣਾ।	837	500/-	14.04.2026
18.	ਇੰਸਪੈਕਟਰ ਸੁਖਵਿੰਦਰ ਸਿੰਘ ਸੀ.ਬੀ.ਆਈ., ਜਲਾਲਪੁਰ, ਹੁਸ਼ਿਆਰਪੁਰ।	838	500/-	14.04.2026
19.	ਸ. ਲਖਵੀਰ ਸਿੰਘ ਪਿੰਡ ਜਲਾਲਪੁਰ, ਹੁਸ਼ਿਆਰਪੁਰ। (ਆਨਲਾਇਨ ਪ੍ਰਾਪਤ ਕੀਤੇ।)	839	5000/-	28.04.2026

ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।

ਖੁਸ਼ਖ਼ਬਰੀ

ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।

Lobana Bhawan

Baba Makhan Shah Lobana Foundation (Regd.),
Sector 30-A, Chandigarh

Facilities Available for All Types of Functions at reasonable rates

Double Bed A.C Rooms	*Dormitory A.C Rooms Four Single Bed*
Main Hall, A.C Capacity 400 Persons	*Mini Hall, A.C Capacity 150-200 Persons*
Main Auditorium, A.C Capacity 450 Persons	*Mini Auditorium, A.C Capacity 150 Persons*
Basement Hall 350-400 Persons	*Conference Hall, A.C Capacity 25 Persons*


24x7 Catering Service Available

For Booking Contact :-
98768-11137, 73470-65188





ਲੁਬਾਣਾ ਭਵਨ ਵਿਖੇ ਗੁਰਦੁਆਰਾ ਸਾਹਿਬ ਦੀ ਸੁਰੱਖਿਆ ਲਈ ਮੁੱਖ ਦੁਆਰ ਅਤੇ ਪੌੜੀਆਂ 'ਤੇ ਸਟੀਲ ਗੇਟ ਲਗਵਾਏ ਗਏ







ਮੇਨ ਆਡੀਟੋਰੀਅਮ ਦੀ ਦਿੱਖ ਦੀ ਸੁੰਦਰਤਾ ਲਈ ਸਟੇਜ ਅਤੇ ਮੇਨ ਐਂਟਰੀ ਪੁਆਇੰਟ 'ਤੇ ਸਟੀਲ ਗਰਿੱਲਾਂ ਲਗਵਾਈਆਂ ਗਈਆਂ

Postal No. - Jallandhar Vide No. L-4/PB/JL-0196/2024-2026

ਬਸ਼ਸ਼ਲ ਭਵਨ ਦੇ ਗੁਰੂ ਘਰ ਵਿਖੇ ਮਿਤੀ 14.04.2026 ਨੂੰ ਵੈਸਾਖ ਮਹੀਨੇ ਦੀ ਸੰਗਰਾਂਦ ਬੜੇ ਹੀ ਸ਼ਰਧਾ ਅਤੇ ਪ੍ਰੇਮਭਾਵ ਨਾਲ ਮਨਾਈ ਗਈ।













ਵਿਸਾਖੀ ਦਿਹਾੜੇ ਦੇ ਸ਼ੁਭ ਮੌਕੇ 'ਤੇ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ ਵਿਖੇ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ